


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Wednesday 18 March, 2026 | website: www.cee7news.com

## ਅਦਾਕਾਰ ਗਿੱਪੀ ਗਰੇਵਾਲ ਨੂੰ ਮਿਲੀ ਧਮਕੀ



ਪੰਜਾਬੀ ਸਿੰਗਰ ਅਤੇ ਅਦਾਕਾਰ ਗਿੱਪੀ ਗਰੇਵਾਲ ਨੂੰ ਤਾਜ਼ਾ ਮੌਤ ਦੀ ਧਮਕੀ ਮਿਲੀ ਹੈ। ਇਹ ਖ਼ਬਰ ਛਪੀ ਹੈ ਅਤੇ ਸੋਸ਼ਲ ਮੀਡੀਆ ਤੇ ਬਹੁਤ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਧਮਕੀ ਵੱਲੋਂ ਦਿੱਤੀ ਗਈ ਦੱਸੀ ਜਾ ਰਹੀ ਹੈ। ਇੱਕ ਆਡੀਓ ਮੈਸੇਜ ਵਿੱਚ ਗਿੱਪੀ ਨੂੰ ਚੇਤਾਵਨੀ ਦਿੱਤੀ ਹੈ ਕਿ ਉਸ ਨੇ ਬਹੁਤ ਸਾਰੀਆਂ ਫਿਲਮਾਂ ਬਣਾਈਆਂ ਹਨ, ਪਰ ਜੇਕਰ ਉਸ ਦਾ ਮੈਸੇਜ ਇਗਨੋਰ ਕੀਤਾ ਗਿਆ ਤਾਂ ਮੋਹਾਲੀ ਵਿੱਚ ਗਿੱਪੀ ਦੀ ਕਬਰ ਬਣਾਉਣੀ ਪੈ ਸਕਦੀ ਹੈ। ਆਡੀਓ ਵਿੱਚ ਕਿਹਾ ਗਿਆ ਹੈ, "ਮੇਰਾ ਮੈਸੇਜ ਇਗਨੋਰ ਕੀਤਾ ਤਾਂ ਬਹੁਤ ਮਾੜਾ ਹੋਵੇਗਾ" ਅਤੇ "ਗੋਲੀਆਂ ਦੇ ਰੌਂਦ ਆਉਣਗੇ ਤਾਂ ਇਗਨੋਰ ਨਹੀਂ ਕਰ ਸਕੋਗੇ"। ਇਹ ਆਡੀਓ ਸੋਸ਼ਲ ਮੀਡੀਆ ਤੇ ਖ਼ੂਬ ਸ਼ੇਅਰ ਹੋ ਰਿਹਾ ਹੈ ਪਰ ਅਧਿਕਾਰੀ ਤੌਰ ਤੇ ਇਸ ਦੀ ਪੁਸ਼ਟੀ ਨਹੀਂ ਹੋਈ ਹੈ।ਗਿੱਪੀ ਗਰੇਵਾਲ ਨੇ ਪਹਿਲਾਂ ਕਈ ਇੰਟਰਵਿਊ ਵਿੱਚ ਕਿਹਾ ਹੈ ਕਿ ਉਹ ਡਰਦੇ ਨਹੀਂ ਪਰ ਇਹ ਖ਼ਤਰੇ ਹਰ ਪੇਸ਼ੇ ਵਿੱਚ ਹੁੰਦੇ ਹਨ। ਉਹ ਕਹਿੰਦੇ ਹਨ ਕਿ ਜੇ ਡਰ ਨਾਲ ਕੰਮ ਛੱਡ ਦਿੱਤਾ ਤਾਂ ਜ਼ਿੰਦਗੀ ਵਿੱਚ ਕੁਝ ਨਹੀਂ ਬਚੇਗਾ। ਫਿਰ ਵੀ ਇਹ ਧਮਕੀਆਂ ਬਹੁਤ ਗੰਭੀਰ ਹਨ ਅਤੇ ਪੁਲਿਸ ਨੂੰ ਜਾਂਚ ਕਰਕੇ ਬਣਾਏ ਗਏ ਖ਼ਤਰੇ ਨੂੰ ਰੋਕਣਾ ਚਾਹੀਦਾ ਹੈ। ਪਰ ਅਧਿਕਾਰੀ ਤੌਰ ਤੇ ਇਸ ਦੀ ਪੁਸ਼ਟੀ ਨਹੀਂ ਹੋਈ ਹੈ।

## ਇਰਾਕ ਦੀ ਰਾਜਧਾਨੀ ਬਗਦਾਦ ਵਿੱਚ ਅਮਰੀਕੀ ਸਫਾਰਤਖਾਨੇ 'ਤੇ ਡਰੋਨ ਅਤੇ ਰਾਕੇਟ ਹਮਲੇ ਕੀਤੇ ਗਏ



*ਸੁਰੱਖਿਆ ਸੂਤਰਾਂ ਅਨੁਸਾਰ, ਇਹ ਹਮਲਾ ਹਾਲ ਹੀ ਵਿੱਚ ਸ਼ੁਰੂ ਹੋਏ ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਕਾਰ ਜੰਗ ਦੇ ਸੰਦਰਭ ਵਿੱਚ ਇੱਕ ਵੱਡੀ ਘਟਨਾ ਹੈ।*

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਨੇ ਅੱਜ ਇੱਕ ਨਵਾਂ ਭਿਆਨਕ ਰੂਪ ਧਾਰ ਲਿਆ ਹੈ। ਇਰਾਕ ਦੀ ਰਾਜਧਾਨੀ ਬਗਦਾਦ ਵਿੱਚ ਅਮਰੀਕੀ ਸਫਾਰਤਖਾਨੇ 'ਤੇ ਡਰੋਨ ਅਤੇ ਰਾਕੇਟ ਹਮਲੇ ਕੀਤੇ ਗਏ ਹਨ। ਸੁਰੱਖਿਆ ਸੂਤਰਾਂ ਅਨੁਸਾਰ, ਇਹ ਹਮਲਾ ਹਾਲ ਹੀ ਵਿੱਚ ਸ਼ੁਰੂ ਹੋਏ ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਕਾਰ ਜੰਗ ਦੇ ਸੰਦਰਭ ਵਿੱਚ ਇੱਕ ਵੱਡੀ ਘਟਨਾ ਹੈ। ਇਹ ਹਮਲੇ ਬਗਦਾਦ ਦੇ ਗ੍ਰੀਨ ਜ਼ੋਨ ਵਿੱਚ ਵਾਪਰੇ, ਜਿੱਥੇ ਅਮਰੀਕੀ ਸਫਾਰਤਖਾਨਾ ਅਤੇ ਹੋਰ ਮਹੱਤਵਪੂਰਨ ਡਿਪਲੋਮੈਟਿਕ ਟਿਕਾਣੇ ਸਥਿਤ ਹਨ।ਸੂਤਰਾਂ ਮੁਤਾਬਕ, ਮੰਗਲਵਾਰ ਸਵੇਰੇ ਤਿੰਨ ਡਰੋਨ ਅਤੇ ਚਾਰ ਰਾਕੇਟ ਅਮਰੀਕੀ ਸਫਾਰਤਖਾਨੇ ਵੱਲ ਦਾਗੇ ਗਏ। ਇਹ ਹਮਲੇ ਇੰਨੇ ਤੀਬਰ ਸਨ ਕਿ ਇਹ ਹਾਲ ਦੇ ਸਮੇਂ ਵਿੱਚ ਸਭ ਤੋਂ ਵੱਡਾ ਅਤੇ ਖਤਰਨਾਕ ਹਮਲਾ ਮੰਨਿਆ ਜਾ ਰਿਹਾ ਹੈ। ਅਮਰੀਕੀ ਹਵਾਈ ਰੱਖਿਆ ਪ੍ਰਣਾਲੀ ਨੇ ਕਈ ਡਰੋਨਾਂ ਨੂੰ ਮਾਰ ਗਿਰਾਇਆ, ਪਰ ਕੁਝ ਟੁਕੜੇ ਜਾਂ ਸ਼ਰੈਪਨਲ ਸਫਾਰਤਖਾਨੇ ਦੇ ਖੇਤਰ ਵਿੱਚ ਡਿੱਗੇ, ਜਿਸ ਨਾਲ ਇੱਕ ਇਮਾਰਤ 'ਤੇ ਅੱਗ ਲੱਗ ਗਈ। ਖਾਸ ਤੌਰ 'ਤੇ ਅਲ-ਰਸ਼ੀਦ ਹੋਟਲ ਦੇ ਨੇੜੇ ਧਮਾਕੇ ਸੁਣੇ ਗਏ ਅਤੇ ਅੱਗ ਦੀਆਂ ਲਪਟਾਂ ਵੀ ਵੇਖੀਆਂ ਗਈਆਂ। ਹਾਲਾਂਕਿ ਅਧਿਕਾਰਤ ਤੌਰ 'ਤੇ ਕਿਹਾ ਗਿਆ ਹੈ ਕਿ ਇਸ ਹਮਲੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਸਾਰੇ ਲੋਕ ਸੁਰੱਖਿਅਤ ਹਨ, ਪਰ ਇਹ ਘਟਨਾ ਖੇਤਰ ਵਿੱਚ ਤਣਾਅ ਨੂੰ ਹੋਰ ਵਧਾ ਰਹੀ ਹੈ।ਇਹ ਹਮਲੇ ਇਰਾਨ ਸਮਰਥਿਤ ਮਿਲੀਸ਼ੀਆ ਗਰੁੱਪਾਂ ਵੱਲੋਂ ਕੀਤੇ ਗਏ ਮੰਨੇ ਜਾ ਰਹੇ ਹਨ, ਜੋ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਜਾ ਰਹੇ ਹਵਾਈ ਹਮਲਿਆਂ ਦਾ ਜਵਾਬ ਦੇ ਰਹੇ ਹਨ। ਇਸ ਜੰਗ ਨੇ ਫਰਵਰੀ ਦੇ ਅੰਤ ਵਿੱਚ ਸ਼ੁਰੂਆਤ ਕੀਤੀ ਸੀ ਅਤੇ ਹੁਣ ਇਸ ਦਾ ਤੀਜਾ ਹਫ਼ਤਾ ਚੱਲ ਰਿਹਾ ਹੈ। ਇਜ਼ਰਾਈਲ ਨੇ ਤਹਿਰਾਨ ਅਤੇ ਲਿਬਨਾਨ ਵਿੱਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਵੱਡੇ ਪੈਮਾਨੇ 'ਤੇ ਹਮਲੇ ਕੀਤੇ ਹਨ, ਜਿਸ ਦੇ ਜਵਾਬ ਵਿੱਚ ਇਰਾਨ ਨੇ ਖਾੜੀ ਦੇਸ਼ਾਂ ਵਿੱਚ ਅਮਰੀਕੀ ਅਤੇ ਸਹਿਯੋਗੀ ਟਿਕਾਣਿਆਂ 'ਤੇ ਡਰੋਨ ਅਤੇ ਮਿਜ਼ਾਈਲ ਹਮਲੇ ਵਧਾ ਦਿੱਤੇ ਹਨ। ਇਸੇ ਤਰ੍ਹਾਂ ਅਬੂ ਧਾਬੀ ਵਿੱਚ ਵੀ ਇੱਕ ਬੈਲਿਸਟਿਕ ਮਿਜ਼ਾਈਲ ਨੂੰ ਰੋਕਣ ਤੋਂ ਬਾਅਦ ਮਲਬਾ ਡਿੱਗਣ ਨਾਲ ਇੱਕ ਪਾਕਿਸਤਾਨੀ ਨਾਗਰਿਕ ਦੀ ਮੌਤ ਹੋ ਗਈ। ਇਜ਼ਰਾਈਲ ਨੇ ਇਰਾਨੀ ਰੈਵੋਲਿਊਸ਼ਨਰੀ ਗਾਰਡਜ਼ ਦੇ ਇੱਕ ਵੱਡੇ ਅਧਿਕਾਰੀ ਗੁਲਾਮਰੇਜ਼ਾ ਸੁਲੇਮਾਨੀ ਨੂੰ ਮਾਰਨ ਦਾ ਵੀ ਦਾਅਵਾ ਕੀਤਾ ਹੈ। ਇਹ ਸਾਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਮੱਧ ਪੂਰਬ ਵਿੱਚ ਜੰਗ ਹੁਣ ਹੋਰ ਵਿਸ਼ਾਲ ਰੂਪ ਧਾਰ ਰਹੀ ਹੈ ਅਤੇ ਇਸ ਦੇ ਅਸਰ ਪੂਰੇ ਖੇਤਰ 'ਤੇ ਪੈ ਰਹੇ ਹਨ।ਅਮਰੀਕੀ ਅਧਿਕਾਰੀਆਂ ਨੇ ਆਪਣੇ ਨਾਗਰਿਕਾਂ ਨੂੰ ਇਰਾਕ ਛੱਡਣ ਦੀ ਅਪੀਲ ਵੀ ਕੀਤੀ ਹੈ। ਇਸ ਹਮਲੇ ਨੇ ਅੰਤਰਰਾਸ਼ਟਰੀ ਡਿਪਲੋਮੈਸੀ ਨੂੰ ਚੁਣੌਤੀ ਦਿੱਤੀ ਹੈ ਅਤੇ ਸੰਯੁਕਤ ਰਾਸ਼ਟਰ ਸਮੇਤ ਵੱਡੇ ਦੇਸ਼ ਇਸ ਨੂੰ ਰੋਕਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਪਰ ਫਿਲਹਾਲ ਸਥਿਤੀ ਬਹੁਤ ਨਾਜ਼ੁਕ ਬਣੀ ਹੋਈ ਹੈ ਅਤੇ ਕਿਸੇ ਵੀ ਸਮੇਂ ਹੋਰ ਵੱਡੇ ਹਮਲੇ ਹੋ ਸਕਦੇ ਹਨ। ਪੂਰੇ ਵਿਸ਼ਵ ਦੀਆਂ ਨਜ਼ਰਾਂ ਇਸ ਖੇਤਰ 'ਤੇ ਟਿੱਕੀਆਂ ਹੋਈਆਂ ਹਨ ਕਿ ਇਹ ਸੰਘਰਸ਼ ਕਿੱਥੇ ਜਾ ਕੇ ਰੁਕੇਗਾ।

## ਐਪਸਟੀਨ ਨਾਲ ਜੋੜਨ ਵਾਲੀ ਸਮੱਗਰੀ ਨੂੰ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ




**ਇਹ ਫੈਸਲਾ 17 ਮਾਰਚ 2026 ਨੂੰ ਜਸਟਿਸ ਮਿੰਨੀ ਪੁਸ਼ਕਰਨ ਵੱਲੋਂ ਸੁਣਾਇਆ ਗਿਆ।**

ਦਿੱਲੀ ਹਾਈ ਕੋਰਟ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੀ ਧੀ ਹਿਮਾਯਾਨੀ ਪੁਰੀ ਨੂੰ ਜੈਫਰੀ ਐਪਸਟੀਨ ਨਾਲ ਜੋੜਨ ਵਾਲੀ ਸਮੱਗਰੀ ਨੂੰ 24 ਘੰਟਿਆਂ ਅੰਦਰ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਫੈਸਲਾ 17 ਮਾਰਚ 2026 ਨੂੰ ਜਸਟਿਸ ਮਿੰਨੀ ਪੁਸ਼ਕਰਨ ਵੱਲੋਂ ਸੁਣਾਇਆ ਗਿਆ। ਹਿਮਾਯਾਨੀ ਪੁਰੀ ਨੇ ਦਿੱਲੀ ਹਾਈ ਕੋਰਟ ਵਿੱਚ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਸੀ ਅਤੇ ₹10 ਕਰੋੜ ਦੇ ਹਰਜਾਨੇ ਦੀ ਮੰਗ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਫਰਵਰੀ 22, 2026 ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ X (ਪਹਿਲਾਂ ਟਵਿੱਟਰ), ਯੂਟਿਊਬ, ਇੰਸਟਾਗ੍ਰਾਮ, ਫੇਸਬੁੱਕ, ਲਿੰਕਡਇਨ ਅਤੇ ਹੋਰ ਵੈੱਬਸਾਈਟਾਂ ਤੇ ਉਨ੍ਹਾਂ ਨੂੰ ਜੈਫਰੀ ਐਪਸਟੀਨ ਨਾਲ ਜੋੜਨ ਵਾਲੀਆਂ ਝੂਠੀਆਂ ਅਤੇ ਮਾਣਹਾਨੀ ਵਾਲੀਆਂ ਪੋਸਟਾਂ, ਵੀਡੀਓਜ਼, ਲੇਖ ਅਤੇ ਹੋਰ ਸਮੱਗਰੀ ਵਾਇਰਲ ਕੀਤੀ ਜਾ ਰਹੀ ਹੈ। ਹਿਮਾਯਾਨੀ ਪੁਰੀ ਇੱਕ ਅੰਤਰਰਾਸ਼ਟਰੀ ਖ਼ਿਆਤੀ ਵਾਲੀ ਵਿੱਤੀ ਮਾਹਰ ਅਤੇ ਨਿਵੇਸ਼ ਸਲਾਹਕਾਰ ਹਨ। ਉਨ੍ਹਾਂ ਦੇ ਵਕੀਲ ਸੀਨੀਅਰ ਐਡਵੋਕੇਟ ਮਹੇਸ਼ ਜੇਠਮਲਾਨੀ ਨੇ ਅਦਾਲਤ ਵਿੱਚ ਕਿਹਾ ਕਿ ਇਹ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਝੂਠੇ ਹਨ। ਇਹ ਸਭ ਇੱਕ ਸੰਗਠਿਤ ਮੁਹਿੰਮ ਦਾ ਹਿੱਸਾ ਹੈ ਜਿਸ ਨਾਲ ਉਨ੍ਹਾਂ ਦੀ ਸਾਖ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਹਮਲੇ ਸਿਰਫ਼ ਇਸ ਕਰਕੇ ਕੀਤੇ ਜਾ ਰਹੇ ਹਨ ਕਿਉਂਕਿ ਉਹ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੀ ਧੀ ਹਨ। ਜੈਫਰੀ ਐਪਸਟੀਨ ਇੱਕ ਅਮਰੀਕੀ ਵਿੱਤੀ ਵਿਅਕਤੀ ਅਤੇ ਦੋਸ਼ੀ ਯੌਨ ਅਪਰਾਧੀ ਸੀ ਜਿਸ ਨਾਲ ਉਨ੍ਹਾਂ ਦਾ ਕੋਈ ਵੀ ਵਪਾਰਕ, ਵਿੱਤੀ ਜਾਂ ਨਿੱਜੀ ਸਬੰਧ ਨਹੀਂ ਸੀ।ਅਦਾਲਤ ਨੇ ਪਟੀਸ਼ਨ ਨੂੰ ਪੜ੍ਹਨ ਤੋਂ ਬਾਅਦ ਕਿਹਾ ਕਿ ਮਾਮਲਾ ਪ੍ਰਾਈਮਾ ਫੇਸੀ ਹਿਮਾਯਾਨੀ ਪੁਰੀ ਦੇ ਹੱਕ ਵਿੱਚ ਹੈ। ਜੇਕਰ ਤੁਰੰਤ ਰਾਹਤ ਨਾ ਦਿੱਤੀ ਗਈ ਤਾਂ ਉਨ੍ਹਾਂ ਦੀ ਸਾਖ ਨੂੰ ਅਟੱਲ ਨੁਕਸਾਨ ਪਹੁੰਚ ਸਕਦਾ ਹੈ।

## ਸ਼੍ਰੋਮਣੀ ਕਮੇਟੀ ਨੇ ਵਾਤਾਵਰਣ ਦਿਹਾੜੇ ਵਜੋਂ ਮਨਾਇਆ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਤਾਗੱਦੀ ਦਿਵਸ



ਅੰਮ੍ਰਿਤਸਰ, 17 ਮਾਰਚ-

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਤਾਵਰਣ ਦਿਵਸ ਦੇ ਰੂਪ ਵਿਚ ਮਨਾਇਆ ਗਿਆ। ਇਸ ਸਬੰਧੀ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਬਲਵਿੰਦਰ ਸਿੰਘ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ।

ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸੰਗਤਾਂ ਨਾਲ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਸੱਤਵੇਂ ਪਾਤਸ਼ਾਹ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਬਾਗ਼ ਲਗਾ ਕੇ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ। ਨੁਮਾਇੰਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਹਰ ਸਾਲ ਵਾਤਾਵਰਣ ਦਿਵਸ ਵਜੋਂ ਮਨਾ ਕੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਆ ਜਾਂਦਾ ਹੈ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੱਤੀ ਅਤੇ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪੇ੍ਰਰਨਾ ਵੀ ਕੀਤੀ।

ਇਸੇ ਦੌਰਾਨ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਤੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਚਕਾਰ ਸਥਿਤ ਗੁਰੂ ਕੇ ਬਾਗ ਵਿਖੇ ਵਾਤਾਵਰਣ ਦੀ ਸਾਂਭ-ਸੰਭਾਲ ਦੇ ਸੁਨੇਹੇ ਤਹਿਤ ਬੂਟੇ ਲਗਾ ਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਨਰਿੰਦਰ ਸਿੰਘ ਮਥਰੇਵਾਲ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਚੀਫ ਸ. ਜਗਦੀਸ਼ ਸਿੰਘ ਬੁੱਟਰ, ਸ. ਗੁਰਪ੍ਰਤਾਪ ਸਿੰਘ ਆਦਿ ਮੌਜੂਦ ਸਨ।

**Cee7 NEWS ਧੂਰੀ ਵਾਸੀਆਂ ਲਈ ਅਹਿਮ ਕਦਮ; ਹੁਣ ਮਿਲਣਗੀਆਂ ਆਧੁਨਿਕ ਸਿਹਤ ਸੇਵਾਵਾਂ**

## ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਧੂਰੀ ਵਿੱਚ ਸਬ-ਡਵੀਜ਼ਨਲ ਹਸਪਤਾਲ ਦਾ ਉਦਘਾਟਨ ਕੀਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਧੂਰੀ ਵਿੱਚ ਸਬ-ਡਵੀਜ਼ਨਲ ਹਸਪਤਾਲ ਦਾ ਉਦਘਾਟਨ ਕੀਤਾ ਹੈ। ਇਹ ਖ਼ਬਰ ਪੰਜਾਬੀ ਵਿੱਚ ਛਪੀ ਹੈ ਅਤੇ ਇਹ ਇੱਕ ਮਹੱਤਵਪੂਰਨ ਵਿਕਾਸ ਕਦਮ ਹੈ ਜਿਸ ਨਾਲ ਸੰਗਰੂਰ ਜ਼ਿਲ੍ਹੇ ਦੇ ਧੂਰੀ ਖੇਤਰ ਦੇ ਲੋਕਾਂ ਨੂੰ ਆਧੁਨਿਕ ਸਿਹਤ ਸੇਵਾਵਾਂ ਮਿਲਣਗੀਆਂ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਧੂਰੀ ਵਿਖੇ 21.65 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਅਤਿ-ਆਧੁਨਿਕ ਸਬ-ਡਵੀਜ਼ਨਲ ਹਸਪਤਾਲ ਅਤੇ 30 ਬਿਸਤਰਿਆਂ ਵਾਲੇ ਜੱਚਾ-ਬੱਚਾ ਸਿਹਤ ਬਲਾਕ ਦਾ ਉਦਘਾਟਨ ਕੀਤਾ। ਇਹ ਹਸਪਤਾਲ ਕੰਪਲੈਕਸ ਲਗਪਗ 73,000 ਵਰਗ ਫੁੱਟ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਵਿੱਚ 50 ਬਿਸਤਰੇ ਵਾਲਾ ਸਬ-ਡਵੀਜ਼ਨਲ ਹਸਪਤਾਲ ਅਤੇ ਵੱਖਰਾ ਮਾਤਾ-ਬੱਚਾ ਸਿਹਤ ਬਲਾਕ ਸ਼ਾਮਲ ਹੈ। ਇਹ ਪ੍ਰੋਜੈਕਟ ਪੰਜਾਬ ਸਰਕਾਰ ਵੱਲੋਂ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਆਮ ਲੋਕਾਂ ਤੱਕ ਪਹੁੰਚਯੋਗ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਨਵੀਆਂ ਸਹੂਲਤਾਂ ਨਾ ਸਿਰਫ਼ ਧੂਰੀ ਸ਼ਹਿਰ ਦੇ ਵਸਨੀਕਾਂ ਲਈ ਲਾਭਕਾਰੀ ਸਾਬਤ ਹੋਣਗੀਆਂ ਸਗੋਂ ਆਲੇ-ਦੁਆਲੇ ਦੇ ਲਗਭਗ 70 ਪਿੰਡਾਂ ਦੇ ਲੋਕ ਵੀ ਆਪਣੇ ਘਰਾਂ ਦੇ ਨੇੜੇ ਹੀ ਉੱਚ ਪੱਧਰ ਦੀਆਂ ਮੈਡੀਕਲ ਸੇਵਾਵਾਂ ਪ੍ਰਾਪਤ ਕਰ ਸਕਣਗੇ। ਇਸ ਨਾਲ ਹਜ਼ਾਰਾਂ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ ਵਰਦਾਨ ਦੱਸਿਆ ਅਤੇ ਕਿਹਾ ਕਿ ਇਹ ਪ੍ਰੋਜੈਕਟ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਮੈਡੀਕਲ ਸੇਵਾਵਾਂ ਵਧਾਉਣ ਅਤੇ ਹੁਨਰਮੰਦ ਸਿਹਤ ਕਰਮਚਾਰੀਆਂ ਦੀ ਉਪਲਬਧਤਾ ਵਧਾਉਣ ਵੱਲ ਇੱਕ ਵੱਡਾ ਕਦਮ ਹੈ।

ਇਸ ਹਸਪਤਾਲ ਵਿੱਚ ਵਿਆਪਕ ਆਊਟ ਪੇਸ਼ੈਂਟ (ਓਪੀਡੀ) ਅਤੇ ਇਨ ਪੇਸ਼ੈਂਟ (ਆਈਪੀਡੀ) ਸੇਵਾਵਾਂ, ਐਮਰਜੈਂਸੀ ਯੂਨਿਟ, ਡਾਇਗਨੋਸਟਿਕ ਸਹੂਲਤਾਂ ਅਤੇ ਵਿਸ਼ੇਸ਼ ਮਾਹਿਰਾਂ ਦੀਆਂ ਸਲਾਹਾਂ ਸ਼ਾਮਲ ਹਨ। ਇਸ ਵਿੱਚ 13 ਓਪੀਡੀ ਕਮਰੇ, ਚੰਗੀ ਤਰ੍ਹਾਂ ਲੈਸ ਐਮਰਜੈਂਸੀ ਬਲਾਕ, ਦੋ ਰਜਿਸਟ੍ਰੇਸ਼ਨ ਕਾਊਂਟਰ ਅਤੇ ਵੱਡੀਆਂ ਤੇ ਛੋਟੀਆਂ ਸਰਜਰੀਆਂ ਲਈ ਸੱਤ ਅਪਰੇਸ਼ਨ ਥੀਏਟਰ ਬਣਾਏ ਗਏ ਹਨ। ਡਾਇਗਨੋਸਟਿਕ ਸਹੂਲਤਾਂ ਵਿੱਚ ਈਸੀਜੀ, ਅਲਟਰਾਸਾਊਂਡ, ਐਕਸ-ਰੇ ਕਮਰੇ ਅਤੇ ਤਿੰਨ ਲੈਬਾਰਟਰੀਆਂ ਸ਼ਾਮਲ ਹਨ ਜੋ ਸਮੇਂ ਸਿਰ ਅਤੇ ਸਹੀ ਟੈਸਟਿੰਗ ਨੂੰ ਯਕੀਨੀ ਬਣਾਉਂਦੀਆਂ ਹਨ।

ਹਸਪਤਾਲ ਵਿੱਚ ਸਰਜੀਕਲ ਦਖਲਅੰਦਾਜ਼ੀਆਂ, ਗੋਡੇ ਬਦਲਣ ਵਰਗੀਆਂ ਉੱਨਤ ਪ੍ਰਕਿਰਿਆਵਾਂ ਵੀ ਉਪਲਬਧ ਹੋਣਗੀਆਂ। ਨੱਕ, ਕੰਨ ਅਤੇ ਗਲੇ (ENT) ਦੇ ਮਾਹਿਰ ਡਾਕਟਰ ਵੀ ਮਰੀਜ਼ਾਂ ਦੀ ਦੇਖਭਾਲ ਲਈ ਮੌਜੂਦ ਰਹਿਣਗੇ। 30 ਬਿਸਤਰਿਆਂ ਵਾਲਾ ਜੱਚਾ-ਬੱਚਾ ਬਲਾਕ ਮਾਂਵਾਂ, ਨਵਜੰਮੇ ਬੱਚਿਆਂ ਅਤੇ ਬਾਲ ਸਿਹਤ ਨੂੰ ਵਿਸ਼ੇਸ਼ ਤੌਰ 'ਤੇ ਮਜ਼ਬੂਤ ਕਰੇਗਾ। ਇਹ ਸਾਰੀਆਂ ਸਹੂਲਤਾਂ ਸੈਕੰਡਰੀ ਪੱਧਰ ਦੀਆਂ ਸਿਹਤ ਸੇਵਾਵਾਂ ਨੂੰ



ਹਸਪਤਾਲ ਵਿੱਚ ਸਰਜੀਕਲ ਦਖਲਅੰਦਾਜ਼ੀਆਂ, ਗੋਡੇ ਬਦਲਣ ਵਰਗੀਆਂ ਉੱਨਤ ਪ੍ਰਕਿਰਿਆਵਾਂ ਵੀ ਉਪਲਬਧ ਹੋਣਗੀਆਂ। ਨੱਕ, ਕੰਨ ਅਤੇ ਗਲੇ (ENT) ਦੇ ਮਾਹਿਰ ਡਾਕਟਰ ਵੀ ਮਰੀਜ਼ਾਂ ਦੀ ਦੇਖਭਾਲ ਲਈ ਮੌਜੂਦ ਰਹਿਣਗੇ। 30 ਬਿਸਤਰਿਆਂ ਵਾਲਾ ਜੱਚਾ-ਬੱਚਾ ਬਲਾਕ ਮਾਂਵਾਂ, ਨਵਜੰਮੇ ਬੱਚਿਆਂ ਅਤੇ ਬਾਲ ਸਿਹਤ ਨੂੰ ਵਿਸ਼ੇਸ਼ ਤੌਰ 'ਤੇ ਮਜ਼ਬੂਤ ਕਰੇਗਾ। ਇਹ ਸਾਰੀਆਂ ਸਹੂਲਤਾਂ ਸੈਕੰਡਰੀ ਪੱਧਰ ਦੀਆਂ ਸਿਹਤ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਮਰੀਜ਼-ਕੇਂਦ੍ਰਿਤ ਬਣਾਉਣ ਵਿੱਚ ਮਦਦ ਕਰਨਗੀਆਂ।

ਇਹ ਉਦਘਾਟਨ ਪੰਜਾਬ ਸਰਕਾਰ ਦੀ ਸਿਹਤ ਖੇਤਰ ਵਿੱਚ ਸੁਧਾਰ ਲਿਆਉਣ ਵਾਲੀਆਂ ਨੀਤੀਆਂ ਦਾ ਹਿੱਸਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਸਮੇਂ ਵਿੱਚ ਵੀ ਕਈ ਹਸਪਤਾਲਾਂ ਅਤੇ ਸਿਹਤ ਸਹੂਲਤਾਂ ਨੂੰ ਅਪਗ੍ਰੇਡ ਕੀਤਾ ਹੈ। ਧੂਰੀ ਵਿੱਚ ਇਹ ਨਵਾਂ ਹਸਪਤਾਲ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ ਕਿਉਂਕਿ ਪਹਿਲਾਂ ਲੋਕਾਂ ਨੂੰ ਵੱਡੀਆਂ ਬਿਮਾਰੀਆਂ ਲਈ ਸੰਗਰੂਰ ਜਾਂ ਲੁਧਿਆਣਾ ਜਾਣਾ ਪੈਂਦਾ ਸੀ। ਹੁਣ ਘਰੇਲੂ ਪੱਧਰ 'ਤੇ ਹੀ ਬਿਹਤਰ ਇਲਾਜ ਮਿਲ ਸਕੇਗਾ।

ਮੁੱਖ ਮੰਤਰੀ ਨੇ ਇਸ ਮੌਕੇ 'ਤੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਸਿਹਤ ਸੇਵਾਵਾਂ ਨੂੰ ਹੋਰ ਵਧੀਆ ਬਣਾਉਣ ਲਈ ਵਚਨਬੱਧ ਹੈ। ਇਸ ਪ੍ਰੋਜੈਕਟ ਨਾਲ ਖੇਤਰ ਵਿੱਚ ਰੁਜ਼ਗਾਰ ਵੀ ਵਧੇਗਾ ਕਿਉਂਕਿ ਡਾਕਟਰਾਂ, ਨਰਸਾਂ ਅਤੇ ਹੋਰ ਸਟਾਫ ਦੀ ਲੋੜ ਪਵੇਗੀ। ਇਹ ਕਦਮ ਪੰਜਾਬ ਨੂੰ ਸਿਹਤਮੰਦ ਅਤੇ ਵਿਕਸਤ ਬਣਾਉਣ ਵੱਲ ਅੱਗੇ ਵਧਾਉਂਦਾ ਹੈ। ਧੂਰੀ ਦੇ ਲੋਕ ਇਸ ਨਵੇਂ ਹਸਪਤਾਲ ਤੋਂ ਬਹੁਤ ਖੁਸ਼ ਹਨ ਅਤੇ ਇਸ ਨੂੰ ਆਪਣੇ ਇਲਾਕੇ ਲਈ ਵੱਡੀ ਜਿੱਤ ਮੰਨ ਰਹੇ ਹਨ।

# ਰਿਸ਼ਤਾ



ਹਵਾਵਾਂ ਨੇ ਤੇਰੀਆਂ ਮਹਿਕਾਂ ਨੂੰ ਫੈਲਾਇਆ ਏ,
ਤੇਰੀ ਯਾਦ ਚ ਸੱਜਣਾ ਪਲ ਪਲ ਮੈਂ ਗਵਾਇਆ ਏ,

ਨਜ਼ਰਾਂ ਤੇਰੀਆਂ ਤੋਂ ਨਾ ਮੈ ਮਹਿਰਮ ਬਚ ਸਕਿਆ,
ਏਨਾ ਨੈਣਾ ਨੇ ਹੀ ਤਾਂ ਦਿਲ ਤੇ ਤੀਰ ਚਲਾਇਆ ਏ,

ਤੇਰੇ ਪਿਆਰ ਚ ਡੁੱਬਦਾ ਡੁੱਬਦਾ ਡੁੱਬ ਗਿਆ,
ਜ਼ੁਲਫ਼ਾਂ ਤੇਰੀਆਂ ਨੇ ਇਹ ਕੈਸਾ ਘੇਰਾ ਪਾਇਆ ਏ,

ਬਿਨ ਤੇਰੇ ਲੱਗੇ ਸਾਹ ਵੀ ਲੈਣਾ ਔਖਾ ਏ,
ਉੱਠਦੇ ਬਹਿੰਦੇ ਬਸ ਤੇਰਾ ਨਾਮ ਧਿਆਇਆ ਏ,

ਰਾਣੂ ਲੱਗੇ ਰਿਸ਼ਤਾ ਜਨਮਾਂ ਜਨਮਾਂ ਦਾ,
ਤਾਂਹੀ ਰੱਬ ਨੇ ਇਸ ਜਨਮ ਮਿਲਾਇਆ ਏ ॥

ਗੁਰਜੀਤ ਕੌਰ ਰਾਣੂ ॥

# ਕਹਾਣੀ ਅਹਿਸਾਨ



ਪਿੰਡ ਦੇ ਘਰ ਵਿੱਚ ਜਗਤਾਰ ਤੇ ਉਹਦੀ ਘਰਵਾਲੀ ਕਿਰਨ ਦਾ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ। ਕਿਰਨ ਸਾਰਾ ਦਿਨ ਰਸੋਈ ਦੇ ਧੂੰਏਂ, ਚਾਹ-ਪਾਣੀ ਅਤੇ ਘਰ ਆਏ-ਗਏ ਦੀ ਸੇਵਾ ਵਿੱਚ ਲੱਗੀ ਰਹਿੰਦੀ। ਬੇਬੇ-ਬਾਪੂ ਦੇ ਕੱਪੜੇ ਧੋਣੇ ਹੋਣ ਜਾਂ ਵੇਲੇ ਸਿਰ ਉਹਨਾਂ ਦੇ ਹੱਥ ਵਿੱਚ ਰੋਟੀ ਫੜਾਉਣੀ, ਕਿਰਨ ਦਾ ਸਾਰਾ ਦਿਨ ਇਹਨਾਂ ਨਿੱਕੇ-ਨਿੱਕੇ ਕੰਮਾਂ ਵਿੱਚ ਹੀ ਲੰਘ ਜਾਂਦਾ। ਪਰ ਇਹ ਸਭ ਇੰਨਾ ਰੋਜ਼ਾਨਾ ਦਾ ਕੰਮ ਬਣ ਗਿਆ ਸੀ ਕਿ ਕਿਸੇ ਨੂੰ ਇਹ ਮਹਿਸੂਸ ਹੀ ਨਹੀਂ ਸੀ ਹੁੰਦਾ ਕਿ ਕੋਈ ਹੱਡ ਗਾਲ਼ ਰਿਹਾ ਹੈ।

ਦੂਜੇ ਪਾਸੇ ਛੋਟਾ ਪੁੱਤਰ ਕੁਲਦੀਪ ਮਹੀਨੇ ਬਾਅਦ ਸ਼ਹਿਰੋਂ ਗੇੜਾ ਮਾਰਦਾ। ਉਹ ਆਉਂਦਾ ਤਾਂ ਬਾਪੂ ਲਈ ਕੋਈ ਸਸਤਾ ਜਿਹਾ ਤੌਲੀਆ, ਕੁੜਤਾ-ਪਜਾਮਾ ਜਾਂ ਬੇਬੇ ਲਈ ਮਾੜੀ-ਮੋਟੀ ਚੀਜ਼ ਲੈ ਆਉਂਦਾ। ਉਹਦੇ ਆਉਣ 'ਤੇ ਘਰ ਵਿੱਚ ਜਿਵੇਂ ਤਿਉਹਾਰ ਵਰਗਾ ਮਾਹੌਲ ਬਣ ਜਾਂਦਾ। ਬਾਪੂ ਉਸੇ ਵੇਲੇ ਗੁਆਂਢੀਆਂ ਨੂੰ ਸੱਦ ਲੈਂਦਾ— "ਦੇਖੋ ਬਈ, ਕੁਲਦੀਪ ਆਇਆ ਹੈ, ਸ਼ਹਿਰੋਂ ਮੇਰੇ ਲਈ ਖ਼ਾਸ ਚੀਜਾਂ ਲੈ ਕੇ!"

ਇੱਕ ਦਿਨ ਜਗਤਾਰ ਨੇ ਦੇਖਿਆ ਕਿ ਕਿਰਨ ਥੱਕੀ-ਟੁੱਟੀ ਰਸੋਈ ਵਿੱਚ ਕੰਮ ਕਰ ਰਹੀ ਸੀ ਤੇ ਜਗਤਾਰ ਆਪ ਵੀ ਤੜਕੇ ਦਾ ਕੰਮ ਤੇ ਗਿਆ ਹੋਇਆ ਸ਼ਾਮਾਂ ਪਈਆਂ ਘਰ ਮੁੜਿਆ ਸੀ, ਤੇ ਘਰ ਆਉਂਦਾ ਈ ਓਹਨੇ ਵੇਖਿਆ ਕਿ ਬਾਪੂ ਤੇ ਬੇਬੇ ਬੈਠੇ ਕੁਲਦੀਪ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਰਹੇ ਸਨ ਕਿ ਕਿਵੇਂ ਉਹ ਇੰਨੀ ਦੂਰ ਰਹਿ ਕੇ ਵੀ ਉਹਨਾਂ ਦਾ "ਮੋਹ" ਕਰਦਾ ਹੈ। ਜਗਤਾਰ ਕਾਫੀ ਦੇਰ ਸੁਣਦਾ ਰਿਹਾ, ਪਹਿਲਾਂ ਵੀ ਬੇਬੇ ਬਾਪੂ ਆਨੇ-ਬਹਾਨੇ ਕੁਲਦੀਪ ਦੀਆਂ ਸਿਫਤਾਂ ਕਰਦੇ ਰਹਿੰਦੇ ਤੇ ਅਕਸਰ ਕਹਿੰਦੇ ਕਿ ਉਹ ਸ਼ਹਿਰ ਵਿੱਚ ਬਹੁਤ ਹੱਡ ਭੰਨਵੀਂ ਮਿਹਨਤ ਕਰਦਾ ਹੈ, ਵਿਚਾਰਾ ਥੱਕ ਜਾਂਦਾ ਆ ਕੰਮ ਕਰ ਕਰ ਕੇ, ਜਗਤਾਰ ਕੋਲੋਂ ਰਿਹਾ ਨਾ ਗਿਆ, ਉਹਨੇ ਹੌਲੀ ਜਿਹੀ ਕਿਹਾ, ਬਾਪੂ ਜੀ, ਤੁਹਾਡਾ ਮੋਹ ਤਾਂ ਕਿਰਨ ਵੀ ਬਹੁਤ ਕਰਦੀ ਹੈ, ਸਾਰਾ ਦਿਨ ਤੁਹਾਡੀ ਸੇਵਾ ਵਿੱਚ ਲੱਗੀ ਤਾਂ ਰਹਿੰਦੀ ਆ, ਤੁਹਾਡੇ ਮੂੰਹੋ ਗੱਲ ਬਾਅਦ ਚ ਨਿਲਦੀ ਹੈ ਉਹ ਪਹਿਲਾਂ ਪੂਰੀ ਕਰ ਦੇਂਦੀ ਹੈ, ਸਾਰੇ ਘਰ ਦੀ ਜਿੰਮੇਵਾਰੀ ਕੱਲੀ ਨਿਭਾ ਰਹੀ ਆ, ਤੇ ਮੈਂ ਵੀ ਆਪਣੇ ਵੱਲੋਂ ਕਦੇ ਕੋਈ ਕਸਰ ਨਹੀਂ ਛੱਡੀ, ਜਿੰਨੇ ਜੋਗੇ ਹੈਗੇ ਹਾਂ ਤੁਹਾਡੇ ਲਈ ਹਮੇਸ਼ਾਂ ਹਾਜ਼ਰ ਹਾਂ, ਕਦੇ ਕਿਸੇ ਗੱਲੋਂ ਮੱਥੇ ਵੱਟ ਨਹੀਂ ਪਾਇਆ ਤੇ ਕੁਲਦੀਪ ਤੇ ਕਦੇ ਤੁਹਾਨੂੰ ਚੱਜ ਨਾਲ ਮਿਲਣ ਵੀ ਨਹੀਂ ਆਇਆ ਤੁਸੀਂ ਏਨੇ ਬਿਮਾਰ ਰਹੇ ਉਹ ਮਿਲਣ ਨਹੀਂ ਆਇਆ ਤੇ ਫੋਨ ਤੇ ਹੀ ਹਾਲ ਚਾਲ ਪੁੱਛ ਕੇ ਸਾਰ ਦਿੱਤਾ, ਪਰ ਤੁਸੀਂ ਦਿਨ ਰਾਤ ਓਦੇ ਹੀ ਗੁਣ ਗਾਉਂਦੇ ਰਹਿੰਦੇ ਹੋ, ਮੇਰਾ ਦਿਲ ਦੁੱਖਦਾ ਹੈ ਇਹ ਵੇਖ ਕੇ ਕਿ ਤੁਸੀਂ ਸਾਨੂੰ ਕਦੇ ਗੌਲਦੇ ਹੀ ਨਹੀਂ , ਭਰੇ ਮੰਨ ਨਾਮ ਜਗਤਾਰ ਨੇ ਆਪਣੇ ਮਨ ਦਾ ਦੁੱਖ ਬੇਬੇ ਬਾਪੂ ਦੇ ਸਾਹਮਣੇ ਰੱਖਿਆ

ਅੱਗੋਂ ਬਾਪੂ ਦੇ ਜਵਾਬ ਨੇ ਦੋਵਾਂ ਨੂੰ ਸੁੰਨ ਕਰ ਦਿੱਤਾ। ਬਾਪੂ ਬੜੇ ਰੁੱਖੇ ਲਹਿਜੇ ਵਿੱਚ ਬੋਲਿਆ, ਤੁਸੀਂ ਤਾਂ ਸੇਵਾ ਕਰਕੇ ਸਾਡੇ 'ਤੇ ਜਿਵੇਂ ਅਹਿਸਾਨ ਕਰਦੇ ਹੋ। ਜੇ ਦੋ ਡੰਗ ਦੀ ਰੋਟੀ ਦੇ ਦਿੱਤੀ ਤਾਂ ਸਾਨੂੰ ਸੁਣਾਉਣ ਹੀ ਲੱਗ ਗਏ ਹੋ? ਜੇ ਤੁਹਾਨੂੰ ਇੰਨੀ ਤਕਲੀਫ਼ ਹੈ ਤਾਂ ਨਾ ਕਰਿਆ ਕਰੋ ਸਾਡੇ ਲਈ ਕੁਝ ਵੀ, ਅਸੀਂ ਮੰਗ ਕੇ ਨਹੀਂ ਖਾਂਦੇ ਤੁਹਾਡੇ ਤੋਂ। ਕੁਲਦੀਪ ਨੂੰ ਵੇਖੋ, ਉਹਨੇ ਕਦੇ ਜਤਾਇਆ ਨਹੀਂ ਕਿ ਉਹ ਸਾਡਾ ਕਿੰਨ੍ਹਾ ਕਰਦਾ ਹੈ ਤੇ ਤੁਸੀਂ ਉਸ ਭਲੇਮਾਣਸ ਲਈ ਆਪਣੇ ਦਿਲ ਵਿੱਚ ਕਿੱਡਾ ਜ਼ਹਿਰ ਭਰ ਕੇ ਬੈਠੇ ਓ , ਉਹ ਤੁਹਾਨੂੰ ਕੀ ਕਹਿੰਦਾ?

ਰਸੋਈ ਵਿੱਚ ਕੰਮ ਕਰਦੀ ਕਿਰਨ ਦੇ ਹੱਥ ਰੁਕ ਗਏ। ਉਸਦੀਆਂ ਅੱਖਾਂ ਭਰ ਆਈਆਂ ਤੇ ਉਸ ਦਾ ਚਿਹਰਾ ਹੀ ਦੱਸ ਰਿਹਾ ਸੀ ਕਿ ਓਸਤੇ ਕੀ ਬੀਤ ਰਹੀ ਹੈ, ਉਸ ਦੀ ਸਾਲਾਂ ਦੀ ਸੇਵਾ ਨੂੰ ਇੱਕ ਪਲ ਵਿੱਚ "ਅਹਿਸਾਨ" ਦਾ ਨਾਂ ਦੇ ਕੇ ਮਿੱਟੀ ਕਰ ਦਿੱਤਾ ਗਿਆ ਸੀ। ਓਹਨੇ ਤੇ ਜਗਤਾਰ ਨੇ ਕਦੇ ਬੇਬੇ ਬਾਪੂ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਪਰ ਬੇਬੇ ਬਾਪੂ ਓਹਨਾ ਨੂੰ ਇਹ ਸਭ ਕਹਿਣਗੇ ਓਨੇ ਕਦੇ ਸੋਚਿਆ ਵੀ ਨੀ ਸੀ, ਜਗਤਾਰ ਵੀ ਚੁੱਪ ਸੀਅਤੇ ਸਮਝ ਗਿਆ ਸੀ ਕਿ ਜਿਹੜਾ ਨਾਲ ਰਹਿੰਦਾ ਹੈ, ਉਸ ਦੀ ਮਿਹਨਤ ਸਿਰਫ਼ ਇੱਕ 'ਡਿਊਟੀ' ਹੈ, ਪਰ ਜਿਹੜਾ ਦੂਰ ਬੈਠਾ ਕਦੇ-ਕਦੇ ਫ਼ੋਨ ਕਰ ਲੈਂਦਾ ਹੈ, ਉਸ ਦਾ ਰੁੱਖਾ ਬੋਲ ਵੀ ਮਾਪਿਆਂ ਨੂੰ 'ਮੋਹ' ਜਾਪਦਾ ਹੈ। ਕਿਰਨ ਨੇ ਚੁੱਪ-ਚਾਪ ਚਾਹ ਦੇ ਕੱਪ ਬੇਬੇ ਬਾਪੂ ਦੇ ਅੱਗੇ ਪਏ ਟੇਬਲ ਉੱਤੇ ਰੱਖ ਦਿੱਤੇ ਤੇ ਫਿਰ ਕੰਮ ਵਿੱਚ ਜੁਟ ਗਈ...

ਸਨਦੀਪ ਸਿੱਧੂ - 9463661542

# ਏਆਈ ਦੀ ਮਦਦ ਨਾਲ਼ ਅਖੌਤੀ ਗੈਰ-ਕਨੂੰਨੀ ਪ੍ਰਵਾਸੀਆਂ ਨੂੰ ਕੱਢਣਾ ਕਿੰਨਾ ਸਹੀ ???



ਮਹਾਰਾਸ਼ਟਰ ਦੀ ਸਰਕਾਰ ਦੀ ਅਗਵਾਈ ਵਾਲ਼ੀ ਹਕੂਮਤ ਆਈਆਈਟੀ ਬੰਬੇ ਨਾਲ਼ ਮਿਲ਼ ਕੇ ਇੱਕ ਅਜਿਹਾ ਏਆਈ (ਆਰਟੀਫਿਸ਼ਲ ਇੰਟੈਲੀਜੈਂਸ ਮਤਲਬ ਮਨਸੂਈ ਬੌਧਿਕਤਾ) ਸਾਫਟਵੇਅਰ ਬਣਾ ਰਹੀ ਹੈ ਜਿਸ ਦੀ ਮਦਦ ਨਾਲ਼ ਮਹਾਰਾਸ਼ਟਰ ਸਰਕਾਰ, ਮਹਾਰਾਸ਼ਟਰ ਵਿੱਚ ਗੈਰ-ਕਨੂੰਨੀ ਪ੍ਰਵਾਸੀਆਂ, ਬੰਗਲਾਦੇਸ਼ੀਆਂ ਦੀ ਤਸਦੀਕ/ਜਾਂਚ ਕਰੇਗੀ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਇਹ ਏਆਈ ਸਾਫਟਵੇਅਰ ਭਾਸ਼ਾ ਤਸਦੀਕ ਉੱਤੇ ਕੰਮ ਕਰਦਾ ਹੈ, ਇਹ ਸਾਫਟਵੇਅਰ ਨਾਗਰਿਕ ਦੀ ਭਾਸ਼ਾ ਸ਼ੈਲੀ, ਭਾਸ਼ਾ ਦਾ ਪੈਟਰਨ, ਸੁਰ ਅਤੇ ਭਾਸ਼ਾਈ ਲਹਿਜੇ ਦੀ ਵਰਤੋਂ ਜਿਹੇ ਨੁਕਤੇ ਉੱਤੇ ਕੰਮ ਕਰਦਾ ਹੈ। ਜੇ ਕਿਸੇ ਵੀ ਵਿਅਕਤੀ ਦਾ ਭਾਸ਼ਾਈ ਲਹਿਜਾ ਮੇਲ਼ ਨਹੀਂ ਖਾਂਦਾ ਤਾਂ ਉਸ ਉੱਤੇ ਗੈਰ-ਕਨੂੰਨੀ ਪ੍ਰਵਾਸੀ/ਬੰਗਲਾਦੇਸ਼ੀ ਹੋਣ ਦਾ ਠੱਪਾ ਲਗਾ ਦਿੱਤਾ ਜਾਵੇਗਾ। ਜੋ ਵੀ "ਗੈਰ ਕਨੂੰਨੀ" ਪ੍ਰਵਾਸੀ ਫੜੇ ਜਾਣਗੇ ਉਹਨਾਂ ਨੂੰ ਨਜ਼ਰਬੰਦ ਕੈਂਪਾਂ 'ਚ ਰੱਖਿਆ ਜਾਵੇਗਾ। ਇਹ ਸਾਰੀ ਪ੍ਰਕਿਰਿਆ ਅਤੇ ਕਾਰਵਾਈ ਆਪਣੇ ਆਪ ਵਿੱਚ ਹੀ ਅਣ-ਮਨੁੱਖੀ ਅਤੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ। ਏਆਈ ਦੀ ਇਸ ਵਰਤੋਂ ਬਾਰੇ ਬਹੁਤ ਸਾਰੇ ਮਾਹਿਰ ਤੇ ਭਾਸ਼ਾਈ ਵਿਗਿਆਨੀ ਸਵਾਲ ਚੁੱਕ ਰਹੇ ਹਨ, ਭਾਰਤ ਵਿੱਚ ਇਸ ਸਾਫਟਵੇਅਰ ਦੀ ਵਰਤੋਂ ਸੰਯੁਕਤ ਰਾਜ ਅਮਰੀਕਾ (ਅੱਗੇ ਤੋਂ ਅਮਰੀਕਾ) ਵਿੱਚ ਆਈਸ (ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ) ਬਲਾਂ ਵੱਲੋਂ ਪ੍ਰਵਾਸੀਆਂ ਦੀ ਪਛਾਣ ਕਰਨ ਲਈ ਵਰਤੇ ਜਾ ਰਹੇ 'ਪਲਾਂਟਾਇਰ' ਸਾਫਟਵੇਅਰ ਦੀ ਤਰਜ ਉੱਤੇ ਕੀਤੀ ਜਾ ਰਹੀ ਹੈ, ਜੋ ਅਖੌਤੀ ਤੌਰ 'ਤੇ ਗੈਰ-ਕਨੂੰਨੀ ਢੰਗ ਨਾਲ਼ ਅਮਰੀਕਾ 'ਚ ਵਸੇ ਪ੍ਰਵਾਸੀਆਂ ਦੇ ਡਾਟਾ ਤੇ ਦਸਤਾਵੇਜਾਂ ਨੂੰ ਖੰਗਾਲਦਾ ਹੈ। ਇਹੋ ਜਿਹਾ ਹੀ ਇੱਕ ਸਾਫਟਵੇਅਰ ਇਜਰਾਇਲ ਵੱਲੋਂ ਵੀ ਫਿਲਸਤੀਨੀਆ ਦੀ ਨਸਲਕੁਸ਼ੀ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਅੱਜ ਸੰਸਾਰ ਦੇ ਜਿਆਦਾਤਰ ਦੇਸ਼ਾਂ ਵਿੱਚ ਮਜਦੂਰਾਂ ਨੂੰ ਪ੍ਰਵਾਸੀ ਬਨਾਮ ਸਥਾਨਕ ਦੇ ਨਾਮ 'ਤੇ ਵੰਡਿਆ ਜਾ ਰਿਹਾ ਹੈ। ਪ੍ਰਵਾਸ ਨੂੰ ਅਜਿਹੇ ਗੈਰ-ਵਿਗਿਆਨਕ ਢੰਗਾਂ ਨਾਲ਼ ਰੋਕਿਆ ਨਹੀਂ ਜਾ ਸਕਦਾ। ਰੋਜੀ ਰੋਟੀ ਅਤੇ ਬਿਹਤਰ ਜੀਵਨ ਹਾਲਤਾਂ ਲਈ ਮਨੁੱਖ ਜੁਗਾਂ-ਜੁਗਾਂ ਤੋਂ ਪ੍ਰਵਾਸ ਕਰਦਾ ਆ ਰਿਹਾ ਹੈ। ਇਸ ਲੇਖ ਵਿੱਚ ਅਸੀਂ ਇਸ ਏਆਈ ਸਾਫਟਵੇਅਰ ਦੀ ਵਰਤੋਂ, ਦੁਰਵਰਤੋਂ ਤੇ ਪ੍ਰਵਾਸ ਬਾਰੇ ਸਹੀ ਨਜਰੀਆ ਕੀ ਹੋਵੇ ਉੱਤੇ ਚਰਚਾ ਕਰਾਂਗੇ।ਏਆਈ ਸਾਫਟਵੇਅਰ ਕਿਵੇਂ ਕੰਮ ਕਰਦਾ ਹੈ ?ਸਰਕਾਰੀ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਮਹਾਰਾਸ਼ਟਰ ਸਰਕਾਰ ਭਾਸ਼ਾ ਅਧਾਰਿਤ ਤਸਦੀਕ ਕਰਨ ਵਾਲ਼ਾ ਇੱਕ ਏਆਈ ਸਾਫਟਵੇਅਰ ਵਿਕਸਤ ਕਰ ਰਹੀ ਹੈ। ਜੋ ਸੂਬੇ ਵਿੱਚ "ਸ਼ੱਕੀ", ਅਖੌਤੀ ਗੈਰ-ਕਨੂੰਨੀ ਬੰਗਲਾਦੇਸ਼ੀ ਨਾਗਰਿਕਾਂ ਤੇ ਰੋਹਿੰਗੀਆ ਸ਼ਰਨਾਰਥੀਆਂ ਦੀ ਪਛਾਣ ਕਰਨ ਵਿੱਚ ਮਦਦ ਕਰੇਗਾ। ਇਸ ਵਿੱਚ ਮੁੱਖ ਤੌਰ ਉੱਤੇ ਭਾਸ਼ਾਈ ਪੈਟਰਨ, ਸੁਰ ਅਤੇ ਭਾਸ਼ਾਈ ਲਹਿਜੇ ਦੀ ਵਰਤੋਂ ਨੂੰ ਮੁੱਖ ਅਧਾਰ ਬਣਾਇਆ ਜਾਵੇਗਾ। 26 ਜਨਵਰੀ 2026 ਨੂੰ ਇੱਕ ਅਖਬਾਰ ਦੀ ਪੜਤਾਲੀਆ ਰਿਪੋਰਟ ਮੁਤਾਬਕ ਹੁਣ ਤੱਕ ਇਸ ਸਾਫਟਵੇਅਰ ਦੀ ਭਰੋਸੇਯੋਗਤਾ 60 ਫੀਸਦੀ (ਜੋ ਕਿ ਬਹੁਤ ਹੀ ਘੱਟ ਹੈ) ਦੱਸੀ ਜਾ ਰਹੀ ਹੈ। ਜਦੋਂ ਇਸ ਬਾਰੇ ਸਰਕਾਰੀ ਅਧਿਕਾਰੀਆਂ ਨੂੰ ਪੁੱਛਿਆ ਗਿਆ ਕਿ ਇਹ 60 ਫੀਸਦੀ ਭਰੋਸੇਯੋਗਤਾ ਪਰਖਣ ਦਾ ਪੈਮਾਨਾ ਕੀ ਸੀ ਤਾਂ ਉਹਨਾਂ ਨੇ ਇਸ ਬਾਰੇ ਹਾਲੇ ਤੱਕ ਕੋਈ ਪੁਸ਼ਟੀ ਨਹੀਂ ਕੀਤੀ। ਅੱਜ ਸੰਸਾਰ ਪੱਧਰ ਉੱਤੇ ਵੀ ਜਿਆਦਾਤਰ ਦੇਸ਼ਾਂ ਵਿੱਚ ਸਰਮਾਏਦਾਰਾ ਹਾਕਮ ਮਜਦੂਰਾ ਨੂੰ ਲੜਾਉਣ ਕਰਾਉਣ ਅਤੇ ਆਪਣੀਆਂ ਵੋਟਾਂ ਲਈ ਲੋਕਾਈ ਦੇ ਧਰੁਵੀਕਰਣ ਕਰਨ ਲਈ ਪ੍ਰਵਾਸੀਆਂ ਖਿਲਾਫ ਤਰ੍ਹਾਂ-ਤਰ੍ਹਾਂ ਦੇ ਬਿਆਨ ਅਤੇ ਕਾਰਵਾਈਆਂ ਕਰ ਰਹੇ ਹਨ। ਭਾਰਤ ਵਿੱਚ ਵੀ ਜਿਸ ਸਾਫਟਵੇਅਰ ਨੂੰ ਵਰਤੋਂ ਵਿੱਚ ਲਿਆਉਣ ਦੀ ਤਿਆਰੀ ਚੱਲ ਰਹੀ ਹੈ ਇਹ ਸਾਫਟਵੇਅਰ ਨੂੰ ਵੀ ਅਮਰੀਕਾ ਦੀ ਆਈਸ (ਇਮੀਗ੍ਰੇਸਨ ਐਂਡ ਕਸਟਮ ਇਨਫੋਰਸਮੈਂਟ) ਦੀ ਤਰਜ 'ਤੇ ਤਿਆਰ ਕੀਤਾ ਜਾ ਰਿਹਾ ਹੈ। ਇਹ ਸਾਫਟਵੇਅਰ ਉੱਥੇ ਆਉਣ ਵਾਲ਼ੇ ਸਾਰੇ ਪ੍ਰਵਾਸੀਆਂ ਦੇ ਡਾਟੇ ਨੂੰ ਫਰੋਲਦਾ ਹੈ। ਇਸ ਸਾਫਟਵੇਅਰ ਵਿੱਚ ਲੋਕਾਂ ਦੇ ਪਛਾਣ ਪੱਤਰ, ਵਿੱਤੀ ਲੈਣ-ਦੇਣ, ਖਰੀਦਦਾਰੀ ਇੱਥੋਂ ਤੱਕ ਕਿ ਉਹਨਾਂ ਦੇ ਮੈਡੀਕਲ ਰਿਕਾਰਡ ਦੀ ਵੀ ਜਾਂਚ ਕਰਦਾ ਹੈ। ਇਸ ਸਾਫਟਵੇਅਰ ਰਾਹੀਂ ਜਿਸ ਇਨਸਾਨ ਦੀ ਪੜਤਾਲ ਕੀਤੀ ਜਾ ਰਹੀ ਹੁੰਦੀ ਹੈ ਉਸਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਇਸੇ ਤਰ੍ਹਾਂ ਦਾ ਇੱਕ ਸਾਫਟਵੇਅਰ ਇਜਰਾਇਲ ਫਲਸਤੀਨੀਆਂ ਦੀ ਨਸਲਕੁਸ਼ੀ ਲਈ ਵਰਤ ਰਿਹਾ ਹੈ। ਇੱਕ ਪੜਤਾਲੀਆ ਰਿਪੋਰਟ ਮੁਤਾਬਕ ਫਲਸਤੀਨੀਆਂ ਵਿੱਚੋਂ ਹਮਾਸ ਨਾਲ਼ ਸਬੰਧ ਰੱਖਣ ਵਾਲ਼ੇ ਲੋਕਾਂ ਦੀ ਪਛਾਣ ਕਰਨ ਲਈ ਇਜਰਾਇਲ ਇੱਕ ਏਆਈ ਸਾਫਟਵੇਅਰ ਜਿਸਦਾ ਨਾਂ 'ਲਾਵੇਂਡਰ' ਹੈ ਦੀ ਵਰਤੋਂ ਕਰਦਾ ਹੈ। ਇਹ ਸਾਫਟਵੇਅਰ ਮੁੱਖ ਤੌਰ ਉੱਤੇ ਚਿਹਰੇ ਦੀ ਪਛਾਣ ਅਤੇ ਅੱਖਾਂ ਦੀ ਜਾਂਚ ਕਰਦਾ ਹੈ। ਇਸ ਵਾਸਤੇ ਅੱਡ-ਅੱਡ ਨਿਗਰਾਨੀ ਕੇਂਦਰ ਬਣਾਏ ਗਏ ਹਨ, ਜਿੱਥੇ ਇਸ ਸਾਫਟਵੇਅਰ ਵਾਲ਼ੇ ਕੈਮਰੇ ਲਗਾਏ ਗਏ ਹਨ। ਜਦੋਂ ਇੱਕ ਵਾਰ ਇਹ ਸਾਫਟਵੇਅਰ ਕਿਸੇ ਵੀ ਬੰਦੇ ਦੇ ਹਮਾਸ ਨਾਲ਼ ਸਬੰਧ ਹੋਣ ਦੀ ਪੁਸ਼ਟੀ ਕਰ ਦਿੰਦਾ ਹੈ ਤਾਂ ਉਸ ਨੂੰ ਬਿਨਾਂ ਕਿਸੇ ਟਰਾਇਲ ਦੇ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਅਤੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਹੈ। ਖੁਦ ਇਜਰਾਇਲ ਦੇ ਕਈ ਅਧਿਕਾਰੀਆਂ ਨੇ ਵੀ ਮੰਨਿਆ ਹੈ ਕਿ ਇਹ ਸਾਫਟਵੇਅਰ ਜਿਆਦਾਤਰ ਮਾਮਲਿਆਂ ਵਿੱਚ ਗਲਤ ਸਾਬਤ ਹੋਇਆ ਹੈ।ਪ੍ਰਵਾਸੀਆਂ ਦੀ ਪਛਾਣ ਕਰਨ ਲਈ ਵਰਤੇ ਜਾ ਰਹੇ ਏਆਈ ਸਾਫਟਵੇਅਰ ਦੀਆਂ ਸੀਮਤਾਈਆਂ ਤੇ ਖਾਮੀਆਂ ਕੀ ਹਨ? ਇਹ ਸਪੱਸ਼ਟ ਹੈ ਕਿ ਸਰਕਾਰ ਆਪਣੇ ਸਿਆਸੀ ਲਾਭ ਨੂੰ ਕੇਂਦਰ ਵਿੱਚ ਰੱਖ ਕੇ ਇਸ ਸਾਫਟਵੇਅਰ ਦੀ ਵਰਤੋਂ ਕਰੇਗੀ। ਇਸਤੋਂ ਬਿਨਾਂ ਪ੍ਰਵਾਸੀ ਪਛਾਨਣ ਲਈ ਉਪਰੋਕਤ ਜੋ ਨੁਕਤਾ ਸਰਕਾਰ ਨੇ ਰੱਖਿਆ ਹੈ ਇਹ ਗੈਰ-ਵਿਗਿਆਨਕ ਤੇ ਅਣਮਨੁੱਖੀ ਹੈ। ਸਰਕਾਰ ਕਹਿ ਰਹੀ ਹੈ ਕਿ ਗਲਾਦੇਸ਼ੀ ਤੇ ਗੈਰ-ਕਨੂੰਨੀ ਪ੍ਰਵਾਸੀ ਲੋਕਾਂ ਨੂੰ ਫੜਨ ਲਈ ਭਾਸ਼ਾ ਸੁਰ, ਪੈਟਰਨ ਤੇ ਭਾਸ਼ਾਈ ਲਹਿਜੇ ਨੂੰ ਅਧਾਰ ਮੰਨਿਆ ਜਾਵੇਗਾ। ਇੱਕ ਗੱਲ ਇਹ ਕਿ ਪੱਛਮੀ ਬੰਗਾਲ ਦੀ ਬੰਗਲਾ ਭਾਸ਼ਾ ਕਿਸੇ ਇੱਕ ਧਰਮ ਦੀ ਨਹੀਂ ਸਗੋਂ ਇੱਕ ਖਾਸ ਖਿੱਤੇ ਵਿੱਚ ਵਸਣ ਵਾਲ਼ੇ ਲੋਕਾਂ ਦੀ ਇੱਕ ਸਾਂਝੀ ਭਾਸ਼ਾ ਹੈ। ਬਿਨਾਂ ਸ਼ੱਕ 1971 ਵੇਲ਼ੇ ਸਿਆਸੀ ਤੌਰ ਉੱਤੇ ਬੰਗਾਲ ਦੇ ਦੋ ਟੋਟੇ ਕਰ ਦਿੱਤੇ ਗਏ ਹੋਣ ਪਰ ਅੱਜ ਵੀ ਉਹ ਲੋਕ ਸਾਂਝੀ ਭਾਸ਼ਾ ਤੋਂ ਵੱਖ ਨਹੀਂ ਹੋਏ। ਹੁਣ ਫੇਰ ਵੀ ਜੇ ਮੰਨ ਲਓ ਸਰਕਾਰ ਇਸ ਅਧਾਰ ਉੱਤੇ ਜਾਂਚ ਕਰੇਗੀ ਤਾਂ ਜਿਹੜੀ ਭਾਸ਼ਾ ਪੱਛਮੀ ਬੰਗਾਲ ਵਿੱਚ ਬੋਲੀ ਜਾਂਦੀ ਹੈ ਉਹੀ ਲਹਿਜੇ, ਸੁਰ ਅਤੇ ਸ਼ੈਲੀ ਵਿੱਚ ਭਾਸ਼ਾ ਬੰਗਲਾਦੇਸ਼ ਵਿੱਚ ਵੀ ਬੋਲੀ ਜਾਂਦੀ ਹੈ। ਇਸ ਦਾ ਫਰਕ ਸਰਕਾਰ ਕਿਵੇਂ ਕਰੇਗੀ? ਇਸਨੂੰ ਹੋਰ ਸੌਖਿਆਂ ਸਮਝਣ ਲਈ ਆਪਾਂ ਪੰਜਾਬ ਦੀ ਉਦਾਹਰਨ ਲੈਂਦੇ ਹਾਂ ਪੰਜਾਬ ਦੀ ਭਾਸ਼ਾ ਪੰਜਾਬੀ ਹੈ। ਪੰਜਾਬੀ ਦੀ ਬੋਲੀ ਮਾਝੀ ਬੋਲਣ ਵਾਲ਼ਾ ਕੁਝ ਹਿੱਸਾ ਲਹਿੰਦੇ ਪੰਜਾਬ ਵੱਲ ਹੈ ਤੇ ਇੱਕ ਚੜ੍ਹਦੇ ਪੰਜਾਬ ਵੱਲ। ਅੰਮ੍ਰਿਤਸਰ ਵਿੱਚ ਵੀ ਮਾਝੀ ਬੋਲੀ/ ਭਾਸ਼ਾ ਬੋਲੀ ਜਾਂਦੀ ਹੈ ਉਹੀ ਮਾਝੀ ਲਹਿਜੇ, ਭਾਸ਼ਾ ਸੁਰ ਲਾਹੌਰ ਵਾਲ਼ੇ ਪਾਸੇ ਵੀ ਹੈ। ਏਆਈ ਤਕਨੀਕ ਕਿਵੇਂ ਇਸ ਦਾ ਵਖਰੇਵਾਂ ਕਰੇਗੀ? ਇਸੇ ਤਰ੍ਹਾਂ ਦੀ ਗੜਬੜੀ ਦੀਆਂ ਪਹਿਲਾਂ ਵੀ ਕਈ ਉਦਾਹਰਣਾਂ ਆ ਚੁੱਕੀਆਂ ਹਨ। ਜੂਨ 2025 ਵਿੱਚ ਚਾਰ ਮਜਦੂਰ ਜੋ ਬੰਗਲਾ ਭਾਸ਼ਾ ਬੋਲਦੇ ਸਨ ਜੋ ਮਹਾਰਾਸ਼ਟਰ ਦੇ ਮੀਰਾ ਭਯੰਦਰ ਵਿਖੇ ਰਹਿੰਦੇ ਸਨ ਨੂੰ ਮਹਾਰਾਸ਼ਟਰ ਪੁਲਿਸ ਨੇ ਜਬਰਨ ਫੜ ਕੇ ਬੰਗਲਾਦੇਸ਼ ਭੇਜ ਦਿੱਤਾ ਜਦੋਂ ਬੰਗਲਾਦੇਸ਼ ਪੁਲਸ ਨੇ ਉਸ ਦੀ ਪੜਤਾਲ ਕੀਤੀ ਤਾਂ ਉਹ ਪੱਛਮੀ ਬੰਗਾਲ ਦੇ ਵਸਨੀਕ ਨਿਕਲੇ ਬਾਅਦ ਵਿੱਚ ਉਹਨਾਂ ਨੂੰ ਵਾਪਸ ਲਿਆਣਾ ਪਿਆ। ਇਸ ਵੇਲੇ ਬੰਗਲਾਦੇਸ਼ੀ / ਗੈਰ ਕਨੂੰਨੀ ਪ੍ਰਵਾਸੀਆਂ ਦਾ ਮੁੱਦਾ ਕਿਉਂ ਭਖਿਆ ਹੋਇਆ ਹੈ?ਇਸਦਾ ਮੁੱਖ ਕਾਰਨ ਇਹਨਾਂ ਦੀ ਸੌੜੀ ਸਿਆਸਤ ਹੈ। ਜਾਣੀ ਕਿ ਅਪ੍ਰੈਲ ਮਹੀਨੇ ਹੋਣ ਵਾਲ਼ੀਆਂ ਪੱਛਮੀ ਬੰਗਾਲ ਦੀਆਂ ਚੋਣਾਂ ਹਨ। ਇੱਥੇ ਭਾਜਪਾ ਹਿੰਦੂ ਵੋਟ ਬਟੋਰਨ ਲਈ ਹੱਥ-ਪੈਰ ਮਾਰ ਰਹੀ ਹੈ। ਬੰਗਲਾ ਭਾਸ਼ਾ ਬੋਲਣ ਵਾਲ਼ਾ ਇਹ ਖਿੱਤਾ ਮੁੱਖ ਤੌਰ ਉੱਤੇ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ ਇੱਕ ਪੱਛਮੀ ਬੰਗਾਲ ਤੇ ਦੂਸਰਾ ਬੰਗਲਾਦੇਸ਼। ਪੱਛਮੀ ਬੰਗਾਲ ਵਿੱਚ ਕਾਫੀ ਗਿਣਤੀ ਵਿੱਚ ਹਿੰਦੂ ਅਬਾਦੀ ਰਹਿੰਦੀ ਹੈ ਅਤੇ ਬੰਗਲਾਦੇਸ਼ ਵਿੱਚ ਵੱਡੀ ਗਿਣਤੀ ਵਿੱਚ ਮੁਸਲਿਮ ਅਬਾਦੀ। ਇੱਥੇ ਆਪਣੀ ਫਿਰਕੂ ਸਿਆਸਤ ਕਰਨ ਲਈ ਭਾਜਪਾ ਜਾਣ ਬੁੱਝ ਕੇ ਪੱਛਮੀ ਬੰਗਾਲ ਦੇ ਹਿੰਦੂਆਂ ਦੀ ਵੋਟ ਬਟੋਰਨ ਲਈ ਉਹਨਾਂ ਨੂੰ ਬੰਗਲਾਦੇਸ਼, ਮੁਸਲਮਾਨਾਂ ਨੂੰ ਘੁਸਪੈਠੀਏ, ਗੈਰ ਕਨੂੰਨੀ ਪ੍ਰਵਾਸੀ ਤੇ ਰੋਹਿੰਗੀਆ ਸ਼ਰਨਾਰਥੀਆਂ ਦੇ ਨਾਮ 'ਤੇ ਪੱਛਮੀ ਬੰਗਾਲ ਵਿੱਚ ਪ੍ਰਚਾਰ ਕਰ ਰਹੀ ਹੈ ਕਿ ਉਹ ਬਾਹਰੋਂ ਆ ਕੇ ਪੱਛਮੀ ਬੰਗਾਲ ਦੇ ਲੋਕਾਂ ਦੇ ਰੁਜਗਾਰ ਅਤੇ ਹੋਰ ਵਸੀਲਿਆਂ ਨੂੰ ਖੋਹ ਰਹੇ ਹਨ। ਥੋੜ੍ਹੇ ਮਹੀਨੇ ਪਹਿਲਾਂ ਬੰਗਲਾਦੇਸ਼ ਵਿੱਚ ਇੱਕ ਹਿੰਦੂ ਮਜਦੂਰ ਦੀ ਹੱਤਿਆ ਵਾਲ਼ਾ ਮਾਮਲਾ ਵੀ ਇਸੇ ਲਈ ਸਭ ਤੋਂ ਵੱਧ ਪ੍ਰਚਾਰਿਆ ਗਿਆ ਤਾਂ ਕਿ ਭਾਜਪਾ ਪੱਛਮੀ ਬੰਗਾਲ ਵਿੱਚ ਹਿੰਦੂ ਵੋਟ ਆਪਣੇ ਪਾਲ਼ੇ ਵਿੱਚ ਖਿੱਚ ਸਕੇ।ਪ੍ਰਵਾਸ ਬਾਰੇ ਸਹੀ ਨਜਰੀਆ ਕੀ ਹੋਵੇ?ਜਦੋਂ ਮਜਦੂਰ ਲਹਿਰ ਕਮਜੋਰ ਹੁੰਦੀ ਹੈ ਤਾਂ ਹਾਕਮ ਜਮਾਤਾਂ ਮਜਦੂਰਾਂ ਨੂੰ ਭਾਸ਼ਾ, ਜਾਤ-ਧਰਮ, ਸੱਭਿਆਚਾਰ ਆਦਿ ਦੇ ਅਧਾਰ 'ਤੇ ਵੰਡਣ ਵਿੱਚ ਸਫਲ ਰਹਿੰਦੀਆਂ ਹਨ। ਜਿਵੇਂ ਕਿ ਅੱਜ ਦੇ ਸਮੇਂ ਵਿੱਚ ਹੋ ਰਿਹਾ ਹੈ। ਅਜਿਹਾ ਕਿਉ ਹੁੰਦਾ ਹੈ, ਇਹ ਮਸਲਾ ਕੀ ਹੈ ਅਤੇ ਪ੍ਰਵਾਸ ਇਤਿਹਾਸਕ ਤੌਰ ਉੱਤੇ ਇੱਕ ਅਗਾਂਹਵਧੂ ਕਦਮ ਕਿਵੇਂ ਹੈ ਆਓ ਇਸ ਬਾਰੇ ਚਰਚਾ ਕਰਦੇ ਹਾਂ।ਰੋਜੀ-ਰੋਟੀ ਅਤੇ ਬਿਹਤਰ ਜੀਵਨ ਲਈ ਇਨਸਾਨਾਂ ਦਾ ਇੱਕ ਥਾਂ ਤੋਂ ਦੂਜੀ ਥਾਂ ਪ੍ਰਵਾਸ ਯੁਗਾਂ ਪੁਰਾਣਾ ਵਰਤਾਰਾ ਹੈ। ਜਦੋਂ ਮਨੁੱਖੀ ਸਮਾਜ ਹਾਲੇ ਜਮਾਤਾਂ ਵਿੱਚ ਵੰਡਿਆ ਨਹੀਂ ਸੀ, ਉਸ ਸਮੇਂ ਵੀ ਮਨੁੱਖ ਮੈਦਾਨੀ ਇਲਾਕਿਆਂ, ਉਪਜਾਊ ਜਮੀਨਾਂ, ਚਾਰਗਾਹਾਂ ਅਤੇ ਬਿਹਤਰ ਸਹਿਣ ਯੋਗ ਮੌਸਮ ਵਾਲ਼ੇ ਇਲਾਕਿਆਂ ਦੀ ਤਲਾਸ਼ ਵਿੱਚ ਇੱਥੇ-ਉੱਥੇ ਆਪਣੇ ਟਿਕਾਣੇ ਬਦਲਦਾ ਰਹਿੰਦਾ ਸੀ। ਪਹਿਲੇ ਜਮਾਤੀ ਸਮਾਜ ਜਾਣੀ ਗੁਲਾਮਦਾਰੀ ਸਮਾਜ ਵਿੱਚ ਵੱਡੇ ਪੱਧਰ 'ਤੇ ਗੁਲਾਮਾਂ ਦਾ ਵਪਾਰ ਹੁੰਦਾ ਸੀ, ਇਹਨਾਂ ਗੁਲਾਮਾਂ ਦੀ ਆਪਣੀ ਕੋਈ ਧਰਤੀ ਆਪਣਾ ਕੋਈ ਪੱਕਾ ਠਿਕਾਣਾ ਨਹੀਂ ਹੁੰਦਾ ਸੀ। ਬੱਸ ਜਿੱਥੇ ਉਹਨਾਂ ਦੇ ਖਰੀਦਦਾਰ ਲੈ ਜਾਂਦੇ ਸਨ ਉਹੀ ਉਹਨਾਂ ਦਾ ਠਿਕਾਣਾ ਹੋ ਜਾਂਦਾ ਸੀ। ਮਨੁੱਖੀ ਇਤਿਹਾਸ ਦੇ ਇਸ ਕਾਲ਼ੇ ਦੌਰ ਵਿੱਚ ਗੁਲਾਮਾਂ ਦਾ ਵਪਾਰ ਇਨਸਾਨਾਂ ਦੇ ਪ੍ਰਵਾਸ ਦੀ ਮੁੱਖ ਵਜਾ ਬਣਿਆ, ਗੁਲਾਮ-ਮਾਲਕਾਂ ਦੁਆਰਾ ਗੁਲਾਮਾਂ ਉੱਪਰ ਇਹ ਜੋਰ-ਜਬਰਦਸਤੀ ਨਾਲ਼ ਥੋਪਿਆ ਗਿਆ ਪ੍ਰਵਾਸ ਸੀ। ਗੁਲਾਮ ਮਾਲਕਾਂ ਦਾ ਜਬਰ-ਜੁਲਮ ਵੀ ਗੁਲਾਮਾਂ ਨੂੰ ਇੱਕ ਤੋਂ ਦੂਜੀ ਥਾਂ ਭੱਜਣ ਨੂੰ ਮਜਬੂਰ ਕਰ ਦਿੰਦਾ ਸੀ। ਸਰਮਾਏਦਾਰੀ ਵਿੱਚ ਸਰਮਾਏ ਦੀ ਵਜ੍ਹਾ ਨਾਲ਼ ਲੋਕ ਪ੍ਰਵਾਸ ਕਰਦੇ ਹਨ, ਜਾਣੀ ਕਿ ਉਹ ਵਿਕਸਿਤ ਸਰਮਾਏਦਾਰਾ ਇਲਾਕਿਆਂ ਅਤੇ ਦੇਸ਼ਾਂ ਵੱਲ, ਜਿੱਥੇ ਕਿ ਰੁਜਗਾਰ ਦੇ ਜਿਆਦਾ ਮੌਕੇ ਹੁੰਦੇ ਹਨ, ਬਿਹਤਰ ਜੀਵਨ ਹਾਲਤਾਂ ਹੁੰਦੀਆਂ ਹਨ ਜਾਣ ਲੱਗਦੇ ਹਨ।

ਸਰਮਾਏਦਾਰਾ ਪ੍ਰਬੰਧ ਅਤੇ ਪ੍ਰਵਾਸ

ਅਸਾਵਾਂ ਆਰਥਿਕ ਵਿਕਾਸ ਸਰਮਾਏਦਾਰਾ ਪ੍ਰਬੰਧ ਦਾ ਅਟੁੱਟ ਹਿੱਸਾ ਹੈ। ਇਹ ਆਰਥਿਕ ਅਸਾਵਾਂਪਣ ਸਿਰਫ ਦੇਸ਼ਾਂ ਦੇ ਵਿਚਕਾਰ ਹੀ ਨਹੀਂ, ਸਗੋਂ ਇੱਕੋ ਦੇਸ਼ ਦੇ ਅੰਦਰ ਵੀ ਹੁੰਦਾ ਹੈ। ਸਰਮਾਏਦਾਰ ਹਮੇਸ਼ਾ ਉਹਨਾਂ ਖੇਤਰਾਂ ਨੂੰ ਤਰਜੀਹ ਦਿੰਦੇ ਹਨ ਜਿੱਥੇ ਨਿਵੇਸ਼ ਲਈ ਸੁਗਮ ਹਾਲਤ ਹੋਣ, ਜਿਵੇਂ ਮਜਬੂਤ ਆਲ਼-ਜੰਜਾਲ਼, ਕੱਚੇ ਮਾਲ ਦੀ ਅਸਾਨ ਉਪਲੱਬਧਤਾ ਅਤੇ ਤਿਆਰ ਮਾਲ ਲਈ ਵੱਡੀਆਂ ਮੰਡੀਆਂ। ਇਸ ਕਾਰਨ ਸਰਮਾਇਆ ਕੁਝ ਗਿਣੇ-ਚੁਣੇ ਸੱਨਅਤੀ ਖੇਤਰਾਂ ਦੇ ਆਲ਼ੇ-ਦੁਆਲ਼ੇ ਇਕੱਠਾ ਹੋ ਜਾਂਦਾ ਹੈ, ਜਦਕਿ ਬਾਕੀ ਇਲਾਕੇ ਸਸਤੀ ਕਿਰਤ ਸ਼ਕਤੀ ਦੇ ਸਰੋਤ ਬਣ ਕੇ ਰਹਿ ਜਾਂਦੇ ਹਨ। ਭਾਰਤ ਵਿੱਚ ਇਹ ਪ੍ਰਕਿਰਿਆ ਖੁੱਲ੍ਹੀ ਅੱਖਾਂ ਨਾਲ਼ ਵੇਖੀ ਜਾ ਸਕਦੀ ਹੈ, ਜਿੱਥੇ ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਰਗੇ ਪਛੜੇ ਖੇਤਰਾਂ ਤੋਂ ਲੋਕ ਵੱਡੇ ਪੱਧਰ 'ਤੇ ਸੱਨਅਤੀ ਨਗਰਾਂ ਵੱਲ ਪ੍ਰਵਾਸ ਕਰ ਰਹੇ ਹਨ।ਸੰਸਾਰ ਪੱਧਰ 'ਤੇ ਵੀ ਸਰਮਾਏਦਾਰੀ ਦਾ ਵਿਕਾਸ ਅਸਾਵਾਂ ਹੈ। ਇੱਕ ਪਾਸੇ ਵਿਕਸਿਤ ਸਰਮਾਏਦਾਰਾ ਤੇ ਸਾਮਰਾਜੀ ਦੇਸ਼ ਹਨ, ਜਿੱਥੇ ਸਰਮਾਏ ਦੀ ਭਾਰੀ ਸੰਕੇਂਦਰਤਾ ਹੈ, ਤੇ ਦੂਜੇ ਪਾਸੇ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਉਹ ਪਛੜੇ ਦੇਸ਼ ਹਨ ਜੋ ਕਦੇ ਬਸਤੀਵਾਦੀ ਗੁਲਾਮੀ ਦਾ ਸ਼ਿਕਾਰ ਰਹੇ। ਬਸਤੀਵਾਦ ਨੇ ਉਨ੍ਹਾਂ ਦੇ ਕੁਦਰਤੀ ਵਿਕਾਸ ਨੂੰ ਬੰਨ ਮਾਰਿਆ, ਜਿਸ ਕਾਰਨ ਇੱਥੇ ਇੱਕ ਮਰੀਅਲ ਤੇ ਰੁੰਡ-ਮਰੁੰਡੀ ਸਰਮਾਏਦਾਰੀ ਵਿਕਸਿਤ ਹੋਈ। ਨਤੀਜੇ ਵਜੋਂ ਇਹ ਦੇਸ਼ ਅੱਜ ਵੀ ਵਿਕਸਿਤ ਦੇਸ਼ਾਂ ਤੋਂ ਕਈ ਦਹਾਕੇ ਪਿੱਛੇ ਹਨ ਅਤੇ ਸਾਮਰਾਜੀ ਦੇਸ਼ਾਂ ਲਈ ਸਸਤੀ ਕਿਰਤ ਸ਼ਕਤੀ ਅਤੇ ਕੱਚੇ ਮਾਲ ਦੇ ਮੁੱਖ ਸਰੋਤ ਬਣੇ ਹੋਏ ਹਨ।ਮਜਦੂਰਾਂ ਦਾ ਪਰਵਾਸ ਇੱਕ ਅਗਾਂਹਵਧੂ ਕਦਮ ਹੈ

ਮਜਦੂਰਾਂ ਦਾ ਪਰਵਾਸ ਵੱਖ-ਵੱਖ ਕੌਮੀਅਤਾਂ, ਭਾਸ਼ਾਵਾਂ, ਸੱਭਿਆਚਾਰ ਦੇ ਮਜਦੂਰਾਂ ਨੂੰ ਇੱਕ ਥਾਂ ਇਕੱਠੇ ਕਰਦਾ ਹੈ। ਉਹਨਾਂ ਵਿੱਚ ਭਾਸ਼ਾ, ਸੱਭਿਆਚਾਰ, ਕੌਮ ਦੀਆਂ ਵੰਡੀਆਂ ਨੂੰ ਤੋੜਕੇ ਉਹਨਾਂ ਨੂੰ ਜਮਾਤੀ ਅਧਾਰ 'ਤੇ ਇੱਕ ਹੀ ਸਾਂਝੇ ਸੂਤਰ ਵਿੱਚ ਇਕੱਠੇ ਹੋਣ ਦਾ ਅਧਾਰ ਤਿਆਰ ਕਰਦਾ ਹੈ। ਫਰਾਂਸ ਦੀ ਰਾਜਧਾਨੀ ਪੈਰਿਸ ਦੇ ਟਰੇਪਸ ਇਲਾਕੇ ਦੀ ਉਦਾਹਰਨ ਲਈਏ ਜਿੱਥੇ ਕਿ 70 ਕੌਮਾਂ ਦੇ ਮਜਦੂਰ ਇੱਕੋ ਜਿਹੀਆਂ ਹੀ ਜੀਵਨ ਹਾਲਤਾਂ ਵਿੱਚ ਰਹਿੰਦੇ ਹਨ। ਇਹ ਪਛੜੇ ਇਲਾਕਿਆਂ, ਦੇਸ਼ਾਂ ਦੇ ਮਜਦੂਰਾਂ ਨੂੰ ਉੱਨਤ ਪੈਦਾਵਾਰੀ ਤਾਕਤਾਂ, ਉੱਨਤ ਸੱਭਿਅਤਾ, ਸੱਭਿਆਚਾਰ ਦੇ ਸੰਪਰਕ ਵਿੱਚ ਲਿਆਕੇ ਉਹਨਾਂ ਦੀ ਚੇਤਨਾ ਦੀ ਧਾਰ ਨੂੰ ਤਿੱਖਾ ਕਰਦਾ ਹੈ। ਇਹ ਮਜਦੂਰਾਂ ਵਿੱਚ ਸੰਸਾਰ ਵਿਆਪੀ ਏਕਤਾ ਦਾ ਅਧਾਰ ਤਿਆਰ ਕਰਦਾ ਹੈ। ਮਜਦੂਰਾਂ ਦਾ ਪ੍ਰਵਾਸ ਉਹ ਜਮੀਨ ਤਿਆਰ ਕਰਦਾ ਹੈ ਜਿੱਥੇ 'ਦੁਨੀਆਂ ਭਰ ਦੇ ਮਜਦੂਰੋ ਇੱਕ ਹੋ ਜਾਓ' ਦੇ ਨਾਹਰੇ ਨੂੰ ਅਮਲ ਵਿੱਚ ਉਤਾਰਿਆ ਜਾ ਸਕਦਾ ਹੈ। ਸਰਮਾਏਦਾਰੀ ਆਪਣੇ ਹੀ ਤਰਕ ਨਾਲ਼ ਆਪਣੀਆਂ ਹੀ ਜਰੂਰਤਾਂ ਨਾਲ਼ ਦੁਨੀਆਂ ਭਰ ਦੇ ਮਜਦੂਰਾਂ ਨੂੰ ਇੱਕਜੁੱਟ ਵੀ ਕਰ ਰਹੀ ਹੈ। ਇਹ ਸਰਮਾਏਦਾਰਾ ਪ੍ਰਬੰਧ ਆਪਣੀ ਕਬਰ ਪੁੱਟਣ ਵਾਲ਼ਿਆਂ ਨੂੰ ਪੈਦਾ ਕਰਦਾ ਹੈ ਅਤੇ ਉਹਨਾਂ ਨੂੰ ਭਾਸ਼ਾ, ਨਸਲ, ਕੌਮੀਅਤ ਅਤੇ ਹਰ ਤਰਾਂ ਦੇ ਭੇਦਭਾਵ ਦੇ ਬਗੈਰ ਇੱਕੋ ਜਿਹੀਆਂ ਹੀ ਜੀਵਨ ਹਾਲਤਾਂ ਵਿੱਚ ਧੱਕਦਾ ਹੈ। ਸੰਸਾਰ ਸਰਮਾਏਦਾਰੀ ਦੇ ਕੇਂਦਰਾਂ 'ਤੇ ਇਕੱਠੇ ਹੋ ਰਹੇ ਇਹ ਉਜਰਤੀ ਗੁਲਾਮ ਮਜਦੂਰ ਅੱਜ ਨਹੀਂ ਤਾਂ ਕੱਲ ਆਪਣੀ ਹੋਂਦ ਤੇ ਏਕਤਾ ਦੇ ਅਧਾਰ ਨੂੰ ਪਛਾਨਣਗੇ ਅਤੇ ਪ੍ਰਵਾਸੀ ਮਜਦੂਰ, ਸਥਾਨਕ ਮਜਦੂਰ ਤੇ ਗੈਰ ਕਨੂੰਨੀ ਪ੍ਰਵਾਸੀ ਮਜਦੂਰ ਜਿਹੀਆਂ ਹਾਕਮਾਂ ਦੀਆਂ ਚਾਲਾਂ ਨੂੰ ਚਕਨਾਚੂਰ ਕਰਕੇ ਸਰਮਾਏਦਾਰੀ ਦਾ ਖਾਤਮਾ ਕਰਨਗੇ।

ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ,ਖੋਜਕਾਰ

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

# “ ਇਕ ਖੱਤ ਆਵਾਮ ਤੇ ਨਿਜ਼ਾਮ ਦੇ ਨਾਮ “ ਭਾਗ –1- “ਮਿੱਟੀ ਪਲੀਤ ਹੋ ਗਈ ਹੈ ਹਿੰਦਸਤਾਨ ਦੀ ,ਬਹੁਤ ਦੁਖੀ ਹੈ ਆਵਾਮ ਭਾਰਤ ਮਹਾਨ ਦੀ”



ਆਏ ਦਿਨ ਕਿਤੇ ਨਾਂ ਕਿਤੇ ਚੁਨਾਵ ਆਏ ਹੀ ਰਹਿੰਦੇ ਹਨ,ਕਦੇ ਜਿਮਨੀ ਚੋਣ ਤੇ ਕਦੇ ਚਿਮਨੀਚੋਣ।

ਉਮੀਦਵਾਰ ਚੋਰ ਮੋਰੀਆਂ ਲੱਭਦੇ ਹਨ।ਆਪਣੀ ਕਾਬਲੀਅਤ ਦੇ ਸਿਰ ਤੇ ਨਹੀਂ ਠੱਗੀ ਠੋਰੀ ਝੂਠ ਫਰੇਬ,ਧੋਖਾ ,ਲਾਰੇ ਲੱਪੇ ,ਬਗਲ ਵਿੱਚ ਛੁਰੀ ਤੇ ਮੂੰਹ ਤੇ ਰਾਮ ਰਾਮ ਵਾਲੇ ਮਖੌਟੇ ਦਰਸਾ ਕੇ,ਬਾਹਰੋਂ ਹੋਰ ਤੇ ਅੰਦਰੋਂ ਹੋਰ ,ਚਿਹਰੇ ਤੇ ਇਕ ਹੋਰ ਚਿਹਰਾ ਲਾ ਕੇ, ਫੋਕੀ ਹਮਦਰਦੀ ਦਾ ਲਿਬਾਸ ਪਾ ਕੇ,ਘਰ ਘਰ ਗਲੀ ਗਲੀ ਹੱਥ ਜੋੜ ਜੋੜ ਮੁਸਕਰਾ ਕੇ ਫਰਿਸ਼ਤੇ ਬਣ ਬਣ ਘੁੰਮਦੇ ਹਨ।ਫਿਰ ਇਸੇ ਚੋਰ ਮੋਰੀ ਰਾਂਹੀ ਤਖ਼ਤ ਮਲ ਕੇ ਪੰਜ ਸਾਲ ਲਈ ਅਸਮਾਨ ਦੇ ਫਰਿਸ਼ਤੇ ਬਣ ਸੈਂਕੜੇ ਪਹਿਰਿਆਂ ਵਿੱਚ ਜਾ ਲੁਕਦੇ ਹਨ।ਆਵਾਮ ਵਿਚਾਰੀ ਹੱਥ ਮਲਦੀ ਰਹਿ ਜਾਂਦੀ ਹੈ।

ਤਖ਼ਤ ਮਲਣ ਲਈ—ਕੋਝੀਆਂ ਚਾਲਾਂ,ਕੋਝੇ ਹੱਥ ਕੰਡੇ

,, ਛੰਨੇ ਖੋਹ ਕੇ ਠੂਠੇ ਵੰਡੇ-

ਠੂਠੇ ਵਿੱਚ-ਛਟਾਕੀ ਲੂਣ,ਦੋ ਆਲੂ,ਦੋ ਗੰਢੇ-

-ਕਲ ਦੇ ਯੋਧੇ ,ਅੱਜ ਨੇ ਅਮਲੀ ਜੁਆਰੀਏ ਭਿਖ ਮੰਗੇ।।

ਸ਼ਰਮ ਤਾਂ ਕਿਤੇ ਆਉਂਦੀ ਨਹੀਂ,ਨਿਲੱਜਿਓ ਲੱਜ ਤੁਹਾਨੂੰ ਨਹੀਂ ॥

ਨਿਜ਼ਾਮ- ਆਵਾਮ +ਨਿਯਮ= ਨਿਜ਼ਾਮ—ਅਸਲ ਵਿੱਚ ਤਾਂ ਹੈ ਇਹ ਪਰ ਮੁਲਕ ਵਿਚ ਇਸਦੇ ਬਰਅਕਸ ਹੈ,ਇਥੇ ਜੋ ਤਖ਼ਤ ਮਲ ਲਵੇ ਉਹ ਨਿਜ਼ਾਮ ਹੈ,ਉਸੇ ਦੇ ਨਿਯਮ ਹਨ ਤੇ ਉਹਦੇ ਹੁਕਮ ਹੇਠ ਆਵਾਮ ਗੁਲਾਮ ਹੈ।

ਚੋਣਾਂ ਦੇ ਦਿਨ ਨੇੜੇ ਨੇੜੇ ਹਨ-ਨਿਜ਼ਾਮ ਜੀ ਨੂੰ ਅਪੀਲ ਹੈ ਕਿ ਮੁਫ਼ਤ ਸਹੂਲਤਾਂ ਦੇ ਵਾਅਦੇ ਦੀਆਂ ਵਹਿੰਗੀਆਂ ਦੇ ਆਸਰੇ ਲੂਲੀ ਲੰਗੜੀ ਹਕੂਮਤ ਨਹੀਂ ਆਪਣੀ ਯੋਗਤਾ ਦੇ ਸਿਰ ਤੇ ਹਕੂਮਤ ਬਣਾਓ।ਵਿਨਾਸ਼ ਨਹੀਂ ਵਿਕਾਸ ਲਿਆਓ। ਸੂਬੇ ਨੂੰ ਸਮੇਂ ਦਾ ਹਾਣੀ ਬਣਾਓ।ਕਾਣੀ ਵੰਡ ਨੂੰ ਨੱਥ ਪਾਓ।

1.( ਆਵਾਮ ਜੀ ਆਪ ਨੇ ਵੇਖ ਵੀ ਲਿਆ ਤੇ ਅਜ਼ਮਾ ਵੀ ਲਿਆ,ਜੇ ਇਸ ਤਰਾਂ ਹੀ ਸੁੱਤੇ ਰਹੇ ਤਾਂ ਸੂਬੇ ਨੂੰ ਮੜ੍ਹੀਆਂ ਦੇ ਰਾਹ ਪੈਣੋਂ ਰੱਬ ਵੀ ਨਹੀਂ ਬਚਾ ਸਕੇਗਾ,ਇਸ ਲਈ ਤਕੜੇ ਹੋ ਕੇ ਇਹ ਮੁਫ਼ਤੋ ਮੁਫ਼ਤੀ ਦੇ ਬਦਲੇ ਵੋਟਾਂ ਨਾ ਪੈਣ ਦਿਓ ਜੀ

2.-ਪੰਜਾਬ ਰੋਡਵੇਜ਼ ਕਰਮਚਾਰੀ ਤੇ ਅਧਿਕਾਰੀ ਹੁਸ਼ਿਆਰ ਹੋ ਕੇ ਘਟੋ ਘੱਟ 10 ਰੁਪਏ ਟਿਕਟ ਦਾ ਨਿਯਮ ਬਣਾ ਦਿਓ ਕਿਸੇ ਨੂੰ ਵੀ ਮੁਫ਼ਤ ਬੱਸ ਵਿਚ ਸਫ਼ਰ ਕਰਨ ਦੀ ਇਜ਼ਾਜ਼ਤ ਨਾਂ ਦਿਓ।ਆਪਣਾ ਵਿਭਾਗ ਆਪਣਾ ਘਰ ਸਮਝ ਕੇ ਬਚਾਓ।

3.-ਬਿਜਲੀ ਵਿਭਾਗ ਦੇ ਅਧਿਕਾਰੀ ,ਹਰ ਘਰ ਵਿੱਚ ਮੀਟਰ ਲਾਓ ਤੇ 2 ਰੁਪਏ ਯੂਨਿਟ ਬਿਜਲੀ ਰੇਟ ਲਾਗੂ ਕਰ ਦਿਓ।ਸਾਰੇ ਸਰਕਾਰੀ ਦਫ਼ਤਰਾਂ ਤੇ ਸਰਕਾਰੀ ਰਿਹਾਇਸ਼ਾਂ ਤੋਂ ਬਿਜਲੀ ਬਿਲ ਲਓ।ਜਦ ਕਿਸੇ ਵੀ ਮਹਿਕਮੇ ਵਿੱਚ ਬਿਨਾਂ ਇਕ ਖਾਸ ਫੀਸ ਭਰੇ ਕੰਮ ਚਾਲੂ ਨਹੀਂ ਹੋ ਸਕਦਾ ਤਾਂ ਫਿਰ ਮਹਿਕਮੇ ਨੂੰ ਬਿਜਲੀ ਪਾਣੀ ਕਿਉਂ ਮੁਫ਼ਤ?

4.-ਮੰਤਰੀਆਂ ਸੰਤਰੀਆਂ ਸਕੱਤਰਾਂ ਅਧਿਕਾਰੀਆਂ ਨੂੰ ਖਾਨਦਾਨ ਸਮੇਤ ਮੁਫ਼ਤ ਬਿਜਲੀ ਪਾਣੀ ਤੇ ਪੇਟਰੋਲ ਦਿਤਾ ਜਾਂਦਾ ਹੈ ਲੱਖਾਂ ਵਿੱਚ ਤਨਖਾਹਾਂ ਹਨ ਫਿਰ ਮੁਫ਼ਤ ਸਹੂਲਤਾਂ ਦਾ ਝੂੰਗਾ ਕਿਉਂ?

5. ਮੰਤਰੀ ਤਾਂ ਘਰ ਵਿਚੋਂ ਇਕ ਹੁੰਦਾ ਹੈ,ਤੇ ਸਰਕਾਰੀ ਗੱਡੀ ਪੂਰਾ ਕੁਨਬਾ ਓਡੋਈ ਰਖਦਾ ਹੈ,ਇਹ ਲਿਹਾਜ਼ ਬੰਦ ਕਰੋ।

6.ਹਰ ਘਰ ਵਿਚੋਂ ਇਕ ਮੈਂਬਰ ਸੁਰੱਖਿਆ ਦਸਤੇ ਵਿੱਚ 20 ਹਜਾਰ ਤੇ ਭਰਤੀ ਕਰਕੇ ਮੰਤਰੀਆਂ ਤੇ ਸਕੱਤਰਾਂ ਦੇ ਆਲੇ ਦੁਆਲੇ ਵਾਲੀ ਸੁਰਿੱਖਆ ਦੀ ਵਾੜ ਬਣਾਈ ਜਾਵੇ ਤੇ ਪੁਲੀਸ ਵਿਭਾਗ ਜੋ ਕਿ ਹੈ ਹੀ ਪਬਲਿਕ ਵਾਸਤੇ ਉਸ ਨੂੰ ਪਬਲਿਕ ਵਾਸਤੇ ਹੀ ਕੰਮ ਕਰਨ ਦਿੱਤਾ ਜਾਵੇ।ਇਸ ਨਾਲ ਬੇਰੁਜਗਾਰੀ ਵੀਘਟੇਗੀਤੇ ਆਵਾਮ ਨੂੰ ਲੋੜ ਵੇਲੇ ਪੁਲੀਸ ਵੀ ਲੱਭ ਜਾਏਗੀ ਜੋ ਕਿ ਇਸ ਵਕਤ ਸਿਰਫ਼ ਤੇ ਸਿਰਫ਼ ਸਰਕਾਰੀ ਤੰਤਰ ਦੇ ਸਰਹਾਣੇ ਹੀ ਜਮ੍ਹਾ ਰਹਿੰਦੀ ਹੈ।

7.-ਮਹਿਲਾਵਾਂ ਨੂੰ ਨਕਦੀ ਕਾਹਦੇ ਲਈ ਉਹਨਾਂ ਨੂੰ ਰੱਬ ਨੇ ਦੋ ਹੱਥ ਕਮਾਉਣ ਲਈ ਦਿੱਤੇ ਹਨ ਕਰ ਕੇ ਖਾਣ,ਇਸੇ ਪੈਸੇ ਨਾਲ ਸਿਖਲਾਈ ਸੈਂਟਰ ਖੋਲ੍ਹ ਕੇ ਔਰਤਾਂ ਨੂੰ ਹੁਨਰ ਸਿਖਾਏ ਜਾਣ ਤਾਂ ਜੋ ਉਹ ਕਮਾ ਕੇ ਆਤਮ ਸਨਮਾਨ ਨਾਲ ਜਿਉਣ।

8.- ਸੁਣੋ ਨਿਜ਼ਾਮ ਜੀ-ਸਰਕਾਰੀ ਦਫ਼ਤਰਾਂ ਵਿੱਚ ਸਫ਼ਾਈ ਸੇਵਕ ਨਹੀਂ ਹਨ ਇਥੋਂ ਤਕ ਕੇ ਹਸਪਤਾਲਾਂ ਵਿੱਚ ਵੀ ਨਹੀਂ ਹਨ ਹਜਾਰਾਂ ਦੀ ਗਿਣਤੀ ਵਿੱਚ ਸਫਾਈ ਸੇਵਕ ਲੋੜੀਂਦੇ ਹਨ ਸੋ ਵਿਹਲੇ ਰਹਿਣ ਦਾ ਇਨਾਮ ਨਹੀਂ ਸਫਾਈ ਸੇਵਕਾਵਾਂ ਭਰਤੀ ਕਰ ਕੇ ਬਣਦੀ ਉਜਰਤ ਦਿਓ।

9.-ਧਿਆਨ ਯੋਗ-ਸ਼ਹਿਰ ਵਿਚ 2 ਹਜਾਰ ਸਫਾਈ ਸੇਵਕ ਚਾਹੀਦਾ ਹੈ ਤੇ ਕੇਵਲ 200 ਕੰਮ ਕਰ ਰਹੇ ਹਨ।

10.-ਹੁਣ ਆਓ ਜੀ ਮੁਫ਼ਤ ਰਾਸ਼ਨ ਮੇਰੀ ਰਸੋਈ ਦੀ” ਗਲ ਕਰ ਲਈਏ-ਪੰਜਾਬ ਵਿੱਚ ਕੁਲ ਮਿਲਾ ਕੇ ਗੁਰਦਵਾਰੇ ਤੇ ਡੇਰੇ ਦੋ ਕੁ ਲੱਖ ਹਨ ਜਿਥੇ ਮੁਫ਼ਤ ਪਰੋਸੀਆਂ ਥਾਲੀਆਂ ਹਰ ਆਮ ਤੇ ਖਾਸ ਨੂੰ ਉਪਲਬਧ ਹਨ,ਆਏ ਦਿਨ ਲੰਗਰ ਪ੍ਰਸ਼ਾਦਾ ਦਿਨ ਹੁੰਦਾ ਹੈ ਹਰ ਤਬਕਾ ਆਪਣੇ ਦੀਨ ਧਰਮ ਅਨੁਸਾਰ ਲੰਗਰ ਵਰਤਾਉਂਦਾ ਰਹਿੰਦਾ ਹੈ,ਤਰਨ ਤਾਰਨ ਤੋਂ ਅਮਮ੍ਰਿਤਸਰ ਦੇ ਰਾਹ ਤੇ ਸੜਕ ਕੰਡੇ ਬਾਬਾ ਨੌਧ ਸਿੰਘ ਦੀ ਸਮਾਧ ਤੇ ਚੌਵੀ ਘੰਟੇ ਚਾਹ ,ਦਾਲ ਸਬਜੀ ਪ੍ਰਸ਼ਾਦੇ ਦਾ ਲੰਗਰ ਅਤੁਟ ਵਰਤਦਾ ਹੈ ਆਸ ਪਾਸ ਦੇ ਵਸਨੀਕ ਤੇ ਲੰਘਦੇ ਰਾਹੀ ਮੁਸਾਫਰ ਇਥੋਂ ਤਕ ਕੇ ਕਰਮਚਾਰੀ ਸੁਬਹ ਉਥੇ ਖੜ ਕੇ ਨਾਸ਼ਤਾ ਵੀ ਕਰ ਕੇ ਆਨੰਦ ਲੈਂਦੇ ਹਨ।ਹਰਮੰਦਿਰ ਸਾਹਬ ਤੋਂ ਹਰ ਰੋਜ਼ ਇਕ ਲੱਖ ਦੇ ਕਰੀਬ ਲੋਕ ਮੁਫ਼ਤ ਪੇਟ ਪੂਜਾ ਕਰਦੇ ਹਨ ਇਸੇ ਤ੍ਰਾਂ ਬਾਕੀ ਗੁਰਦਵਾਰਿਆਂ ਵਿੱਚ ਵੀ।ਫਿਰ ਪੰਜਾਬ ਵਿੱਚ ਮੁਫ਼ਤ ਰਾਸ਼ਨ ਵੰਡਣਾ ਤਾਂ ਜਨਤਾ ਨੂੰ ਗੁਲਾਮ ਬਨਾਉਣਾ ਸਿੱਧ ਹੁੰਦਾ ਹੈ।ਹਾਂ ਸਰਕਾਰੀ ਡੀਪੂ ਲਾ ਕੇ ਸਸਤੇ ਭਾਅ ਰਾਸ਼ਨ ਮੁਹੱਈਆ ਕਰਾਉਣਾ ਸਹੀ ਰਹੇਗਾ।ਪਰ ਰਸੋਈ ਗੈਸ ਤੇ ਸਸਤੀ ਹੋਣ ਵਾਲੀ ਨਹੀਂ ਉਹਦੇ ਲਈ ਹੱਥ ਹਿਲਾਉਣੇ ਪੈਣਗੇ।

ਹਰਿਆਣਾ ਰੋਡਵੇਜ਼ ਵਿੱਚ ਬਹੁਤ ਮਹਿਲਾਵਾਂ ਡਰਾਈਵਰ ਕੰਡਕਟਰ ਹਨ।ਟਰੇਟਕਰ ਚਲਾ ਖੇਤੀ ਬਾੜੀ ਕਰਦੀਆਂ ਹਨ,ਡੇਅਰੀਫਾਰਮ ਚਲਾਉਂਦੀਆਂ ਹਨ।

ਕਲਕੱਤਾ ਵਿੱਚ ਬਹੁਤ ਸਾਰੀਆਂ ਔਰਤਾਂ ਟੈਕਸੀ ,ਰਿਕਸ਼ਾ ਚਲਾਉਣ ਦਾ ਕੰਮ ਕਰ ਆਤਮ ਨਿਰਭਰ ਹਨ।ਪੱਛਮੀ ਬੰਗਾਲ ਤੇ ਕੇਰਲਾ ਵਿੱਚ ਕੋਈ ਮੁਫ਼ਤ ਸਹੂਲਤ ਨਹੀਂ ਆਬਾਦੀ ਵੀ ਬਹੁਤ ਜਿਆਦਾ ਹੈ।

ਪੰਜਾਬ ਚ ਵੀ ਔਰਤਾਂ ਸਾਰੇ ਕੰਮ ਕਰਦੀਆਂ ਸੀ ਹੁਣ ਵੀ ਕਰ ਸਕਦੀਆ ਹਨ ,ਘਰਾਂ ਵਿਚ ਵੀ,ਖੇਤਾਂ ਵਿਚ ਵੀ ਤੇ ਦਫ਼ਤਰਾਂ ਇਦਾਰਿਆਂ ਵਿੱਚ ਬਹੁਤ ਸਾਰੇ ਕਾਮੇ ਲੋੜੀਂਦੇ ਹਨ। ਕਿਰਤ ਕਰਕੇ ਹਕ ਹਲਾਲ ਦੀ ਕਰ ਕੇ ਖਾਣ ਦਿਓ।

ਆਵਾਮ ਜੀ ਅਗਰ ਤੱਗੜੇ ਹੋ ਕੇ ਇਹ ਮੌਜੂਦਾ ਚਾਲਾਂ ਨੂੰ ਤੋੜ ਸਕੋ ਤਾਂ ਤੋੜ ਲਓ ਨਹੀਂ ਤੇ ਤਖ਼ਤਾਂ ਤੇ ਬੈਠਿਆਂ ਨੂੰ ਇੰਜ ਹੀ ਬੈਠੇ ਰਹਿਣ ਦਿਓ ,ਸੂਬੇ ਤੇ ਅਗਲੀਆਂ ਚੋਣਾਂ ਦੇ ਖਰਚ ਦਾ ਬੋਝ ਨਾਂ ਪੈਣ ਦਿਓ।

ਪਹਿਲਾਂ ਵੀ ਤੇ ਬਹੁਤ ਸਾਰੀਆਂ ਮੁਫ਼ਤ ਸਹੂਲਤਾਂ ਦਿਤੀਆਂ ਮੰਤਰੀਆਂ ਨੇ ਆਪਣੇ ਸੌ ਸਾਲ ਦਾ ਇੰਤਜ਼ਾਮ ਤੇ ਕਰ ਲਿਆ,ਪਰ ਹਰ ਵਿਭਾਗ ਖੁੱਡੇ ਲਾਇਨ ਲਾ ਦਿੱਤਾ। ਬੱਸ ਸਫ਼ਰ ਮੁਫ਼ਤ,-ਸਰਕਾਰੀ ਬਸਾਂ ਦਾ ਨਾ ਪੁਛੋ ਹਾਲ,ਠੰਨ ਠੰਨ ਗੋਪਾਲ।ਬਿਜਲੀ ਮੁਫ਼ਤ,ਬਿਜਲੀ ਬਿਨਾਂ ਬੁਰੇ ਹਾਲ,ਰਾਸ਼ਨ ਮੁਫ਼ਤ -ਕਿਸਾਨ ਤੇ ਕਿਰਤੀ ਤੇ ਮੱਧਵਰਗ ਦੀ ਟੰਗੀ ਜਾਨ।

ਨਿਜ਼ਾਮ ਜੀ ਮੰਗਤੇ ਤਾਂ ਪਹਿਲਾਂ ਹੀ ਬਹੁਤ ਹਨ ਹੋਰ ਨਾਂ ਵਧਾਈ ਜਾਓ। ਮੰਦਰ ਮਸਜਿਦ ਗੁਰਦਵਾਰਿਆਂ ਦੇ ਬਾਹਰ ਹਜਾਰਾਂ ਦੀ ਗਿਣਤੀ ਵਿੱਚ ਮੰਗਤਿਆਂ ਦੀ ਭੀੜ ਹੈ ਤੇ ਉਹ ਸਾਰੇ ਰੱਜੇ ਪੁੱਜੇ ਹਨ।ਕਿਸੇ ਵੀ ਚਰਚ ਦੇ ਸਾਹਮਣੇ ਕਦੇ ਕੋਈ ਮੰਗਤਾ ਨਹੀਂ ਹੁੰਦਾ ਕਿਉਂ ਜੋ ਈਸਾਈ ,ਅੰਗਰੇਜ਼ ਲੋਕ ਆਪਣੀ ਆਵਾਮ ਨੂੰ ਭਿਖਾਰੀ ਨਹੀਂ ਮਿਹਨਤੀ,ਕਿਰਤੀ ਵੇਖਣਾ ਚਾਹੁੰਦੇ ਹਨ।ਕਿਰਤ ਕਰਕੇ ਖਾਣ ਦੀ ਹਦਾਇਤ ਕਰਦੇ ਹਨ।ਉਹਨਾਂ ਦਾ ਮੰਨਣਾ ਹੈ ਕਿ ਖਾਣ ਲਈ ਇਕ ਮੂੰਹ ਤੇ ਭਰਨ ਲਈ ਇਕ ਪੇਟ,ਰੱਬ ਨੇ ਦੋ ਹੱਥ ਤੇ ਦਸ ਉਂਗਲੀਆਂ ਦਿਤੀਆਂ ਹਨ ਜੋ ਕਿ ਕਮਾਉਣ ,ਖਾਣ ਲਈ ਕਾਫ਼ੀ ਹਨ।

ਭਾਗ -2-

ਤੇ ਸਾਡੇ ਗੁਰੂ ਪੀਰਾਂ,ਸੰਤਾਂ ਦਾ ਵੀ ਇਹੋ ਉਪਦੇਸ਼ ਹੈ “ਕਰ ਕੇ ਖਾਓ” ॥ ਸਾਰੇ ਗੁਰੂ ਪੀਰ ਸੰਤ ਦੇਵਤੇ ਸਾਡੀ ਧਰਤੀ ਤੇ ਹੋਏ ਹਨ ਤੇ ਉਹਨਾਂ ਦੀਆਂ ਸਿੱਖਿਆਵਾਂ ਦੇ ਗ੍ਰੰਥ ਵੀ ਸਾਡੇ ਕੋਲ ਹਨ ਪਰ ਉਸ ਤੇ ਅਮਲ ਵਲਾਇਤੀ ਧਰਤੀ ਦੇ ਬਾਸ਼ਿੰਦੇ ਕਰਦੇ ਹਨ।ਕਿੰਨੇ ਡਿੱਗ ਚੁਕੇ ਹਨ ਸਾਡੇ ਈਮਾਨ।ਮੰਗਤਿਆਂ ਦੀ ਭੀੜ ਵੇਖ ਕੇ ਗੁਰੂਆਂ ਦੇਵਤਿਆਂ ਦੀਆਂ ਆਤਮਾ ਹਨ ਲਹੂ ਲੁਹਾਨ॥ ਵਲਾਇਤ ਵਿੱਚ ਕਾਰਟੂਨ ਬਣ ਕੇ ,ਗਾ ਕੇ,ਸਟੰਟ ਕਰ ਕੇ ,ਜਾਨ ਜੋਖ਼ਮ ਵਿੱਚ ਪਾ ਕੇ ਪੇਟ ਭਰਨ ਦਾ ਯਤਨ ਕਰ ਲੈਂਦੇ ਹਨ ਲੋਕ ਪਰ ਹੱਥ ਅੱਡ ਕੇ ਮੰਗਦੇ ਨਹੀਂ ਹਨ।

ਸਾਡੇ ਨਿਜ਼ਾਮ ਨੇ ਹੱਥ ਤਾਂ ਕੀ ਝੋਲੀ ਅੱਡ ਭਿਖਾਰੀ ਬਣਾ ਛਡਿਆ ਹੈ ਆਵਾਮ ਨੂੰ।ਨਿਜ਼ਾਮ ਤੇ ਆਵਾਮ ਨੇ ਸ਼ਰਮ ਬੋਤਲ ਵਿੱਚ ਘੋਲ ਕੇ ਪੀ ਲਈ ਹੈ।ਆਮ ਆਦਮੀ ਪਾਰਟੀ ਦੇ ਕੰਮ ਬੋਲਣੇ ਚਾਹੀਦੇ ਸੀ ਨਾਂ ਕਿ ਲੌਲੀ ਪੋਪ ਟਾਫੀਆਂ ਦੇ ਵਾਅਦੇ ।ਇਹ ਜੋ ਨਕਦੀ ਮਹਿਲਾਵਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ,ਇਸੇ ਪੈਸੇ ਨਾਲ ਮਹਿਲਾਵਾਂ ਲਈ ਸਿਖਲਾਈ ਕੇਂਦਰ ਖੋਲੇ ਜਾਣੇ ਚਾਹੀਦੇ ਹਨ ਉਹ ਹੁਨਰਮੰਦ ਬਣ ਕੇ ਆਪਣੇ ਪੈਰਾਂ ਤੇ ਖੜੀਆਂ ਹੋਣ ।ਹਜਾਰ ਪੱਚੀ ਸੌ ਨਾਲ ਉਮਰ ਨਹੀਂ ਲੰਘਦੀ,ਨਕਦੀ ਤਾਂ ਘਰ ਦੇ ਮਰਦ ਖੋਹ ਕੇ ਲੈ ਜਾਂਦੇ ਹਨ ਤੇ ਸ਼ਰਾਬ,ਚਿੱਟਾ ਪੀ ਆਉਂਦੇ ਹਨ।

ਸੂਝਵਾਨ ਬੁੱਧਜੀਵੀ ਨੂੰ ਸਮਝ ਆ ਗਈ ਹੈ ਕਿ ਮਹਿਲਾਵਾਂ ਨੂੰ ਨਕਦੀ ਦਿੱਤੀ ਹੀ ਇਸ ਲਈ ਗਈ ਹੈ ਕਿ ਮਰਦ ਖੋਹ ਕੇ ਸ਼ਰਾਬ ਚਿੱਟਾ ਖ੍ਰੀਦ ਲੈਣ ਤੇ ਹਕੂਮਤ ਦੀ ਨਕਦੀ ਹਕੂਮਤ ਦੇ ਖਾਤੇ ਵਾਪਸ ਆ ਜਾਵੇ ਬੱਲੇ-ਹਕੂਮਤ ਦੇ ਪੱਲੇ ਤੋਂ ਨਾ ਲਗੇ ਧੇਲਾ ਤੇ ਬੱਲੇ ਬੱਲੇ ਦਾ ਲਗ ਜਾਵੇ ਮੇਲਾ॥

ਬਹੁਤੇ ਘਰਾਂ ਵਿੱਚ ਬੁੱਢੇ ਮਾਂਬਾਪ ਰਹਿੰਦੇ ਹਨ,ਕਿਤੇ ਕਿਤੇ ਇਕੱਲਾ ਜਣਾ ਵੀ ਹੈ।ਉਹਨਾਂ ਨੂੰ ( ਹੈਲਪਿੰਗ ਹੈਂਡ) ਸਹਾਇਕ ਸੇਵਾਦਾਰ ਦੀ ਚੌਵੀ ਘੰਟੇ ਲੋੜ ਹੈ ਪਰ ਨਹੀਂ ਮਿਲਦਾ ਕੋਈ ਸਹਾਇਕ ਕੋਈ ਨੌਕਰ ਉਹ ਪੈਸੇ ਹੱਥ ਵਿੱਚ ਫੜੀ ਪੁਕਾਰ ਰਹੇ ਹਨ ਤਨਖਾਹ ਲਓ ਸਾਡੀ ਮਦਦ ਕਰੋ,ਕਿਸਾਨ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਕੋਈ ਨਹੀਂ ਮਿਲਦਾ,ਕਪਾਹ ਚੁਣਨ ਲਈ ਚੋਣੀਆਂ ਨਹੀਂ ਮਿਲਦੀਆਂ।ਸਬਜੀਆਂ ਤੋੜਨ ਲਈ ਸਹਾਇਕ ਨਹੀਂ ਮਿਲਦੇ।ਮਿਲਣ ਵੀ ਕਿਥੋਂ ਜਦ ਘਰੇ ਬੈਠੇ ਨਕਦੀ ਵੀ ਮਿਲ ਰਹੀ ਹੈ ਤੇ ਮੇਰੀ ਰਸੋਈ ਵੀ ਚਲ ਸੋ ਚਲ ਹੈ। ਸਵਾਣੀਆਂ ਜੋ ਵੀਹ ਵੀਹ ਘੰਟੇ ਕੰਮ ਕਰਦੀਆਂ ਸੀ ਹੁਣ ਪਲੰਘਾਂ ਤੇ ਬੈਠੀਆਂ ਫੋਨ ਤੇ ਯੁਟਿਊਬ ਤੇ ਲਚਰਤਾ ਵੇਖਣ ਵਿੱਚ ਮਸਤ ਹਨ। ਹਕੂਮਤ ਨੇ ਜੋ ਖੁਲ੍ਹੇ ਲੰਗਰ ਵਰਤਾ ਦਿੱਤੇ ਹਨ।ਨਿਜ਼ਾਮ ਜੀ ਸਿਆਣੇ ਕਹਿੰਦੇ ਨੇ ਵਿਹਲਾ ਮਨ ਸ਼ੈਤਾਨ ਦੀ ਟਕਸਾਲ ਹੁੰਦਾ ਹੈ,ਤੇ ਸ਼ੈਤਾਨ ਦਿਨ ਬਦਿਨ ਵੱਧ ਰਹੇ ਹਨ,ਅਤੇ ਵੱਡਿਆਂ ਨੇ ਇਹ ਵੀ ਉਪਦੇਸ਼ ਤੇ ਸੰਦੇਸ਼ ਦਿੱਤਾ ਸੀ ਕਿ “ਘਰ ਬੈਠਿਆਂ ਤੇ ਖੂਹ ਖਾਲੀ ਹੋ ਜਾਂਦੇ ਹਨ” ਤੇ ਨਿਜ਼ਾਮ ਜੀ ਇੰਜ ਮੁਫ਼ਤ ਵੰਡ ਵੰਡ ਕੇ ਆਪਣਾ ਝੂੰਗਾ ਚੌੜ ਕਰਾ ਕੇ ਕਿੰਨਾ ਚਿਰ ਘਰ ਚਲਾ ਸਕੋਗੇ?ਅੱਗਾ ਦੌੜ ਪਿੱਛਾ ਚੌੜ॥ਪੰਜਾਬ ਰਾਜ ਢਹਿ ਰਿਹਾ ਹੈ ।

ਅਵਾਮ ਜੀ ਧਿਆਨ ਦਿਓ ਵੋਟਾਂ ਤਾਂ ਬਿਹਾਰ ਯੂਪੀ ਤੋ ਆਏ ਕਾਮਿਆਂ ਨੇ ਭੁਗਤਾ ਦੇਣੀਆਂ ਹਨ ਇਸ ਲਈ ਜੇ ਹਿੰਮਤ ਕਰ ਕੇ ਇਹ ਮੁਫ਼ਤ ਸਹੂਲਤਾਂ ਦਾਪ੍ਰਸ਼ਾਦ ਬੰਦ ਕਰਾ ਲਿਆ ਜਾਵੇ ਤਾਂ ਸ਼ਰਾਬ ,ਨਸ਼ਿਆਂ ਨੂੰ ਵੀ ਠੱਲ੍ਹ ਪੈ ਜਾਏਗੀ। ਸ਼ਰੀਕਾਂ ਦੇ ਮਿਹਣਿਆਂ ਵਾਲੀ ਸਿਆਸਤ ਨੂੰ ਬਾਏ ਬਾਏ ਕਹੋ।

10 ਲੱਖ ਦਾ ਮੈਡੀਕਲ ਬੀਮਾ ਤਾਂ ਹੈ ਪਰ ਡਾਕਟਰ ਨਜ਼ਰ ਨਹੀਂ ਆਉਂਦੇ।ਉਸ ਨਾਲੋਂ ਚੰਗਾ ਹੈ ‘ਗੁਰੂ ਦਾ ਲੰਗਰ,ਅਤੇ ‘ਤੇਰਾ ਤੇਰਾ ’ ਹਸਪਤਾਲ ਚੰਡੀਗੜ੍ਹ ਵਰਗੇ ਹੋਰ ਹਸਪਤਾਲ ਪੂਰੇ ਪੰਜਾਬ ਵਿੱਚ ਖੋਹਲ ਦਿਓ।ਇਸ ਤੋਂ ਵਧੀਆ ਮੁਫ਼ਤ ਸਹੂਲਤ ਹੋਰ ਕੋਈ ਹੋ ਹੀ ਨਹੀ ਸਕਦੀ।

ਰਣਜੀਤ ਕੌਰ ਗੁੱਡੀ ਤਰਨ ਤਾਰਨ

# ਪੰਜਾਬ ਦੇ ਨੌਜਵਾਨਾਂ ਦੇ ਯੂਪੀਐਸਸੀ ਵਿੱਚ ਵਧੀਆ ਰੈਂਕ ਪ੍ਰਾਪਤ ਕਰਦਿਆਂ ਵੇਖ ਕੇ ਇੱਕ ਗੱਲ ਮੇਰੇ ਦਿਮਾਗ ਵਿੱਚ ਆ ਰਹੀ



ਪੰਜਾਬ ਦੇ ਨੌਜਵਾਨਾਂ ਦੇ ਯੂਪੀਐਸਸੀ ਵਿੱਚ ਵਧੀਆ ਰੈਂਕ ਪ੍ਰਾਪਤ ਕਰਦਿਆਂ ਵੇਖ ਕੇ ਇੱਕ ਗੱਲ ਮੇਰੇ ਦਿਮਾਗ ਵਿੱਚ ਆ ਰਹੀ ਸੀ। ਸਾਡੇ ਪੰਜਾਬੀ ਬੱਚੇ ਬਹੁਤ ਹੋਣਹਾਰ ਹਨ। ਜਰੂਰਤ ਸਿਰਫ ਉਨਾਂ ਨੂੰ ਚੰਗੀ ਸੇਧ ਦੀ ਹੈ। ਬਹੁਤ ਵਾਰ ਕਵੀ ਦਰਬਾਰਾਂ ਵਿੱਚ ਜਾਂ ਸਮਾਗਮਾਂ ਵਿੱਚ ਨੌਜਵਾਨ ਬੱਚਿਆਂ ਨੂੰ ਵੇਖਿਆ ਹੈ। ਇਹ ਚੰਗੀ ਗੱਲ ਹੈ ਕਿ ਉਹਨਾਂ ਨੂੰ ਸਾਹਿਤ ਦੀ ਚੇਟਕ ਹੈ।

ਪਰ ਮੈਨੂੰ ਲੱਗਦਾ ਹੈ ਕਿ ਉਹਨਾਂ ਨੂੰ ਇਹਨਾਂ ਕਵੀ ਦਰਬਾਰਾਂ ਤੇ ਸਮਾਗਮਾਂ ਦੀ ਚਕਾ ਚਾਹੁਣ ਤੋਂ ਪਹਿਲਾਂ ਆਪਣੀ ਜ਼ਿੰਦਗੀ ਵਿੱਚ ਕੁਝ ਹਾਸਿਲ ਕਰ ਲੈਣਾ ਚਾਹੀਦਾ ਹੈ। ਕੁਝ ਚੀਜ਼ਾਂ ਸਮੇਂ ਤੇ ਨਿਰਭਰ ਕਰਦੀਆਂ ਹਨ। ਇੱਕ ਚੰਗਾ ਕੈਰੀਅਰ ਬਣਾਉਣਾ ਕਿਸੇ ਚੰਗੀ ਪਦਵੀ ਤੇ ਹੋਣਾ ਕਿਸੇ ਪੇਪਰ ਨੂੰ ਕਲੀਅਰ ਕਰਨਾ ਇਹ ਇੱਕ ਉਮਰ ਵਿੱਚ ਹੀ ਸੰਭਵ ਹੈ। ਕਵਿਤਾਵਾਂ ਸੁਣਾਉਣ ਲਈ ਸਾਰੀ ਜ਼ਿੰਦਗੀ ਪਈ ਹੈ। ਤੁਸੀਂ ਆਪਣੇ ਆਪ ਨੂੰ ਪੜ੍ਹਾਈ ਵੱਲ ਸਮਰਪਿਤ ਕਰੋ। ਜਦੋਂ ਸਮਾਂ ਮਿਲਦਾ ਹੈ ਆਪਣੇ ਸ਼ੌਕ ਮੁਤਾਬਕ ਸਾਹਿਤ ਸਿਰਜਣਾ ਵੀ ਕਰੋ। ਪਰ ਉਮਰ ਦਾ ਤਕਾਜ਼ਾ ਇਹੀ ਹੈ ਕਿ ਤੁਸੀਂ ਆਪਣਾ ਸਮਾਂ ਬਰਬਾਦ ਨਾ ਕਰੋ।

ਇ ਫੋਕੀ ਵਾਹ ਵਾਹੀ ਤੇ ਚਕਾ ਚੌਂਦ ਤੁਹਾਨੂੰ ਜ਼ਿੰਦਗੀ ਵਿੱਚ ਕਿਤੇ ਨਹੀਂ ਪਹੁੰਚਾਏਗੀ। ਪੰਜਾਬੀ ਸਾਹਿਤ ਦਾ ਦਾਇਰਾ ਇਹਨਾਂ ਛੋਟਾ ਹੈ ਕਿ ਪੰਜਾਬ ਦੇ ਵਿੱਚ ਵੀ ਤੁਹਾਨੂੰ ਕੋਈ ਨਹੀਂ ਜਾਣਦਾ। ਜੇਕਰ ਤੁਸੀਂ ਆਪਣਾ ਇੱਕ ਮੁਕਾਮ ਬਣਾ ਲੈਂਦੇ ਹੋ ਤਾਂ ਤੁਹਾਡਾ ਲਿਖਿਆ ਸਾਹਿਤ ਹਰ ਕੋਈ ਪੜ੍ਹੇਗਾ ਵੀ ਜਰੂਰ ਤੇ ਤੁਹਾਡੀ ਇੱਜ਼ਤ ਵੀ ਵਧੇਗੀ। ਇੱਥੇ ਮੇਰੀ ਮਨਸ਼ਾ ਬਿਲਕੁਲ ਤੁਹਾਨੂੰ ਸਾਹਿਤ ਤੋਂ ਪਰੇ ਕਰਨ ਦੀ ਨਹੀਂ ਹੈ। ਜ਼ਿੰਦਗੀ ਵਿੱਚ

ਇੱਕ ਚੰਗੀ ਨੌਕਰੀ ਚੰਗਾ ਅਹੁਦਾ ਇੱਕ ਮੁਕਾਮ ਹਾਸਿਲ ਕਰ ਲੈਣਾ ਬਹੁਤ ਜਰੂਰੀ ਹੈ। ਇਸ ਲਈ ਜ਼ਿੰਦਗੀ ਦੇ ਪਹਿਲੇ 25-30 ਸਾਲ ਹੀ ਮਿਹਨਤ ਮੰਗਦੇ ਹਨ।

ਆਪਣੇ ਸ਼ੌਕ ਲਈ ਮਨੁੱਖ ਬਾਕੀ ਦੀ ਸਾਰੀ ਜ਼ਿੰਦਗੀ ਲਾ ਸਕਦਾ ਹੈ। ਜਦੋਂ ਤੁਸੀਂ ਜ਼ਿੰਦਗੀ ਵਿੱਚ ਕੋਈ ਮੁਕਾਮ ਹਾਸਿਲ ਕਰ ਲਵੋਗੇ ਤਾਂ ਤੁਹਾਡਾ ਆਤਮ ਵਿਸ਼ਵਾਸ ਵਧੇਗਾ। ਦੁਨੀਆਂ ਦਾ ਤੁਹਾਡੇ ਪ੍ਰਤੀ ਨਜ਼ਰੀਆ ਬਦਲ ਜਾਵੇਗਾ। ਤੁਸੀਂ ਆਪਣੇ ਮਾਤਾ ਪਿਤਾ ਦੀ ਇੱਜ਼ਤ ਵੀ ਵਧਾਓਗੇ। ਤੁਸੀਂ ਪੰਜਾਬ ਤੇ ਪੰਜਾਬੀਅਤ ਦਾ ਮਾਣ ਬਣੋਗੇ। ਬਹੁਤ ਜਰੂਰੀ ਹੈ ਕਿ ਵੇਲਾ ਰਹਿੰਦੇ ਤੁਸੀਂ ਇਸ ਗੱਲ ਨੂੰ ਸਮਝ ਲਓ।

ਸਮਾਂ ਬਹੁਤ ਕੀਮਤੀ ਹੁੰਦਾ ਹੈ। ਇਸ ਦੀ ਕਦਰ ਕਰਨੀ ਸਿੱਖੋ। ਜੇਕਰ ਤੁਸੀਂ ਆਪਣੇ ਕਾਲਜ ਜਾਂ ਆਪਣੀ ਪੜ੍ਹਾਈ ਦਾ ਸਮਾਂ ਛੱਡ ਕੇ ਦੋ ਦਿਨ ਲਾ ਕੇ ਕਿਸੇ ਸਮਾਗਮ ਤੇ ਜਾਂਦੇ ਹੋ ਜਦੋਂ ਕਿ ਉਹ ਸਮਾਂ ਤੁਸੀਂ ਪੜ੍ਹਾਈ ਵਿੱਚ ਵੀ ਲਾ ਸਕਦੇ ਹੋ। ਜ਼ਿੰਦਗੀ ਵਿੱਚ ਤੁਹਾਨੂੰ ਜੋ ਵੀ ਬਣਾਉਣਾ ਹੈ ਤੁਹਾਡੀ ਮਿਹਨਤ ਤੇ ਪੜ੍ਹਾਈ ਨੇ ਬਣਾਉਣਾ ਹੈ। ਕੋਸ਼ਿਸ਼ ਕਰੋ ਇੱਕ ਵਧੀਆ ਭਵਿੱਖ ਬਣਾਓ।

ਇਸ ਦੀ ਇੱਕ ਉਦਾਹਰਨ ਸਾਡੀ ਕਹਾਣੀਕਾਰ ਰੇਮਨ ਹੈ। ਉਸਨੇ ਕਹਾਣੀਆਂ ਵੀ ਲਿਖੀਆਂ ਹਨ ਤੇ ਨਾਲ ਹੀ ਨਾਲ ਆਪਣੀ ਮਿਹਨਤ ਨਾਲ ਨਾਇਬ ਤਹਿਸੀਲਦਾਰ ਦੇ ਪੇਪਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣਾ ਤੇ ਆਪਣੇ ਮਾਂ ਬਾਪ ਦਾ ਨਾਂ ਰੌਸ਼ਨ ਕੀਤਾ ਹੈ।

ਲੇਖਕ : ਹਰਪ੍ਰੀਤ ਕੌਰ ਸੰਧੂ।

## ਖਾਲਸਾ ਕਾਲਜ ਚੋਹਲਾ ਸਾਹਿਬ ਵਿਖੇ ਗੁਰੂ ਹਰਿਰਾਏ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਿੱਖ ਵਾਤਾਵਰਨ ਦਿਵਸ ਵਜੋਂ ਮਨਾਇਆ



**ਚੋਹਲਾ ਸਾਹਿਬ 17 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵਿੱਚ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਧਾਰਮਿਕ ਵਿਭਾਗ ਦੇ ਪ੍ਰੋ ਕਿਰਨਜੀਤ ਕੌਰ ਅਤੇ ਜੀਵ ਵਿਗਿਆਨ ਵਿਭਾਗ ਦੇ ਪ੍ਰੋ ਕਿਰਨਦੀਪ ਕੌਰ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ “ਸਿੱਖ ਵਾਤਾਵਰਨ ਦਿਵਸ” ਮਨਾਇਆ ਗਿਆ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰੋਫੈਸਰ ਕਿਰਨਜੀਤ ਕੌਰ ਨੇ ਸਿੱਖ ਵਾਤਾਵਰਨ ਦਿਵਸ ਅਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਗੁਰਤਾਗੱਦੀ ਦੇ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਬੀ.ਕਾਮ. ਦੀ ਵਿਦਿਆਰਥਣ ਮਹਿਕਦੀਪ ਕੌਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਵਾਤਾਵਰਨ ਸੰਭਾਲ ਦੀ ਮਹੱਤਤਾ ਉਤੇ ਰੋਸ਼ਨੀ ਪਾਈ। ਇਸ ਤੋਂ ਇਲਾਵਾ ਬੀ.ਕਾਮ. ਦੂਜੇ ਸਮੈਸਟਰ ਦੇ ਵਿਦਿਆਰਥੀਆਂ ਨੇ ਆਰਗੈਨਿਕ ਭੋਜਨ ਬਾਰੇ, ਬੀ.ਏ. ਚੌਥੇ ਸਮੈਸਟਰ ਦੇ ਵਿਦਿਆਰਥੀਆਂ ਨੇ ਵੱਖ-ਵੱਖ ਔਸ਼ਧੀ ਦਰੱਖਤਾਂ ਦੇ ਲਾਭਾਂ ਬਾਰੇ ਅਤੇ ਬੀ.ਕੌਮ ਦੇ ਹੋਰ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ।

ਵਿਦਿਆਰਥੀਆਂ ਵੱਲੋਂ ਸੁੰਦਰ ਪੋਸਟਰ ਵੀ ਤਿਆਰ ਕੀਤੇ ਗਏ। ਕਾਲਜ ਦੇ ਐਨ.ਐਸ.ਐਸ. ਯੂਨਿਟ ਵੱਲੋਂ ਕੈਂਪਸ ਵਿੱਚ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾ ਕੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਸੰਕਲਪ ਲਿਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਾਤਾਵਰਨ ਸੁਰੱਖਿਆ ਦੀ ਲੋੜ ‘ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਉਪਦੇਸ਼ਾਂ ‘ਤੇ ਚਲਦਿਆਂ ਪ੍ਰਕਿਰਤੀ ਦੀ ਰੱਖਿਆ ਕਰਨ ਅਤੇ ਸਾਫ-ਸੁਥਰਾ, ਹਰਿਆ-ਭਰਿਆ ਵਾਤਾਵਰਨ ਬਣਾਉਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਪ੍ਰਿੰਸੀਪਲ ਸਾਹਿਬ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਸਿੱਖ ਵਾਤਾਵਰਨ ਦਿਵਸ ਅਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

## ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਦੀ ਮੀਟਿੰਗ ਪਿੰਡ ਪਨਗੋਟਾ ਵਿਖੇ ਹੋਈ।



**ਚੋਹਲਾ ਸਾਹਿਬ 17 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਗੁਰੂ ਅਰਜਨ ਦੇਵ ਚੋਹਲਾ ਸਾਹਿਬ ਦੀ ਮੀਟਿੰਗ ਜੋਨ ਪ੍ਰਧਾਨ ਪ੍ਰਗਟ ਸਿੰਘ ਚੰਬਾ ਦੀ ਪ੍ਰਧਾਨਗੀ ਹੇਠ ਪਿੰਡ ਪਨਗੋਟਾ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ।ਜਿਸ ਵਿੱਚ ਵੱਖ-ਵੱਖ ਕਿਸਾਨੀ ਮਸਲਿਆਂ ਤੇ ਵਿਚਾਰ ਚਰਚਾ ਕੀਤੀ ਗਈ ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਇਸ ਮੀਟਿੰਗ ਵਿੱਚ ਬੋਲਦਿਆ ਇੰਦਰਜੀਤ ਸਿੰਘ ਕੋਟ ਬੁੱਢਾ ਤੇ ਜੋਨ ਪ੍ਰਧਾਨ ਪ੍ਰਗਟ ਸਿੰਘ ਚੰਬਾ ਨੇ ਕਿਹਾ ਕਿ ਜਿਹੜੇ ਹੜ ਪੀੜਤ ਕਿਸਾਨਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ ਉਨਾਂ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦਵਾਉਣ ਲਈ 18 ਮਾਰਚ ਨੂੰ ਐਸ.ਡੀ.ਐਮ ਪੱਟੀ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ ਤਾਂ ਕਿ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦਵਾਇਆ ਜਾ ਸਕੇ ਅਤੇ ਨਾਲ ਹੀ ਉਨਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਜੋ ਸ਼ੰਭੂ ਤੇ ਖਨੌਰੀ ਬਾਰਡਰ ਤੇ ਸੰਯੁਕਤ ਕਿਸਾਨ ਮੋਰਚੇ ਗੈਰ ਸਿਆਸੀ ਮੋਰਚੇ ਵੱਲੋਂ 13 ਫਰਵਰੀ 2024 ਤੋਂ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਐਮ.ਐਸ.ਪੀ ਦਾ ਕਾਨੂੰਨ ਬਣਵਾਉਣ ਲਈ ਮੋਰਚਾ ਚੱਲ ਰਿਹਾ ਸੀ ਉਸ ਮੋਰਚੇ ਨੂੰ ਪੰਜਾਬ ਸਰਕਾਰ ਨੇ ਕੇਂਦਰ ਦੀ ਸ਼ਹਿ ਤੇ ਧੋਖੇ ਨਾਲ ਮੋਰਚਾ ਚੁਕਵਾਇਆ ਸੀ ਉਸ ਤੇ ਵੀ ਪੰਜਾਬ ਸਰਕਾਰ ਦੇ ਪੁਤਲੇ ਵੀ 18-19 ਮਾਰਚ ਨੂੰ ਫੂਕੇ ਜਾਣਗੇ ਅਤੇ ਇਹ ਵੀ ਮੰਗ ਕੀਤੀ ਜਾਵੇਗੀ ਕਿ ਉਸ ਮੋਰਚੇ ਵਿੱਚ ਚੋਰੀ ਹੋਈਆਂ ਟਰਾਲੀਆਂ ਆਦਿ ਦਾ ਮੁਆਵਜ਼ਾ ਲੈਣ ਲਈ ਵੀ ਪੁਰਜੋਰ ਮੰਗ ਕੀਤੀ ਜਾਵੇਗੀ।ਅੱਗੇ ਬੋਲਦਿਆਂ ਜਥੇਬੰਦੀ ਦੇ ਆਗੂ ਸੁਖਜਿੰਦਰ ਸਿੰਘ ਰੂੜੀਵਾਲਾ ਅਤੇ ਬਾਬਾ ਪ੍ਰਗਟ ਸਿੰਘ ਪਰਿੰਗੜੀ ਨੇ ਕਿਹਾ ਕਿ ਕਿਸਾਨ ਜਥੇਬੰਦੀ ਦੇ ਪਹਿਲੇ ਸ਼ਹੀਦ ਅੰਗਰੇਜ਼ ਸਿੰਘ ਬਾਕੀਪੁਰ ਦੀ 22 ਵੀ ਬਰਸੀ ਗੁਰੂ ਨਾਨਕ ਦੇਵ ਜੀ ਦੇ ਪੁਰਖਿਆਂ ਦੇ ਪਿੰਡ ਡੇਹਰਾ ਸਾਹਿਬ ਵਿਖੇ ਮਨਾਈ ਜਾਵੇਗੀ।ਜਿਸ ਵਿੱਚ ਕਿਸਾਨ ਪਰਿਵਾਰਾ ਸਮੇਤ ਪਹੁੰਚ ਕੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨਗੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਹਿਬ ਸਿੰਘ ਸਭਰਾ,ਘੁਲਾ ਸਿੰਘ ਪਰਿੰਗੜੀ,ਬੋਹੜ ਸਿੰਘ ਸੈਦਪੁਰ,ਹਰਜੀਤ ਸਿੰਘ,ਲਖਵਿੰਦਰ ਸਿੰਘ ਬੱਠੇ ਭੈਣੀ,ਸੁਖਬੀਰ ਸਿੰਘ,ਕੁਲਵੰਤ ਸਿੰਘ ਨਦੋਹਰ,ਤਰਸੇਮ ਸਿੰਘ ਨਬੀਪੁਰ,ਰਣਜੀਤ ਸਿੰਘ ਪ੍ਰਧਾਨ,ਅਮਰਜੀਤ ਸਿੰਘ,ਸੋਨੀ ਪਹਿਲਵਾਨ,ਸਰਪੰਚ ਨਿਸ਼ਾਨ ਸਿੰਘ,ਰਣਜੀਤ ਸਿੰਘ,ਮਿਲਖਾ ਸਿੰਘ,ਕੁਲਵੰਤ ਸਿੰਘ,ਦਵਿੰਦਰ ਸਿੰਘ,ਗੁਰਸਾਹਿਬ ਸਿੰਘ,ਭੁਪਿੰਦਰ ਸਿੰਘ,ਹਰਦੀਪ ਸਿੰਘ,ਦਿਆਲ ਸਿੰਘ ਆਦਿ ਹਾਜ਼ਰ ਸਨ।

## ਮੋਟਰਸਾਇਕਲ ਸਵਾਰ ਪਤੀ—ਪਤਨੀ ਨਾਲ ਦਿਨ ਦਿਹਾੜੇ ਵਾਪਰੀ ਲੁੱਟ ਖੋਹ ਦੀ ਵਾਰਦਾਤ।



**ਡਿੱਗਣ ਕਾਰਨ ਪਤੀ ਦੀ ਮੌਕੇ ਤੇ ਮੌਤ, ਪਤਨੀ ਗੰਭੀਰ ਜਖਮੀਂ। |**

ਚੋਹਲਾ ਸਾਹਿਬ 17 ਮਾਰਚ (ਸਨਦੀਪ ਸਿੱਧੂ,ਚੋਹਲਾ)

ਆਏ ਦਿਨ ਲੁੱਟ ਖੋਹ ਦੀਆਂ ਵਾਰਦਾਤਾਂ ਨੇ ਲੋਕਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਕੀਤਾ ਹੋਇਆ ਹੈ।ਇਸਦੀ ਤਾਜਾ ਮਿਸਾਲ ਵੇਖਣ ਨੂੰ ਮਿਲੀ ਜਦ ਇੱਕ ਮੋਟਰਸਾਇਕਲ ਸਵਾਰ ਹਰਜਿੰਦਰ ਸਿੰਘ ਉਮਰ ਲਗਪਗ 55 ਸਾਲ ਅਤੇ ਰਣਜੀਤ ਕੌਰ ਉਮਰ ਲਗਪਗ 53 ਸਾਲ ਪਤੀ—ਪਤਨੀ ਲੁੱਟ ਦਾ ਸ਼ਿਕਾਰ ਹੋਏ ਅਤੇ ਡਿੱਗਣ ਕਾਰਨ ਮੋਕੇ ਤੇ ਪਤੀ ਦੀ ਮੋਤ ਹੋਣ ਅਤੇ ਪਤਨੀ ਦਾ ਗੰਭੀਰ ਜਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਹਰਜਿੰਦਰ ਸਿੰਘ ਵਾਸੀ ਦਦੇਹਰ ਸਾਹਿਬ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਅੱਜ ਮ੍ਰਿਤਕ ਹਰਜਿੰਦਰ ਸਿੰਘ ਦੁਪਹਿਰ ਵੇਲੇ ਆਪਣੇ ਮੋਟਰਸਾਇਕਲ ਤੇ ਸਵਾਰ ਹੋਕੇ ਆਪਣੀ ਪਤਨੀ ਰਣਜੀਤ ਕੌਰ ਨੂੰ ਨਾਲ ਲੇਕੇ ਠੱਠੀਆਂ ਜਾ ਰਿਹਾ ਸੀ ਤਾਂ ਰਸਤੇ ਵਿੱਚ ਕੁਝ ਲੁਟੇਰਿਆਂ ਨੇ ਉਹਨਾਂ ਨਾਲ ਲੁੱਟ ਖੋਹ ਕੀਤੀ ਜਿਸ ਦੌਰਾਨ ਉਸਦਾ ਪਤੀ ਸ਼ੜਕ ਤੇ ਡਿੱਗ ਪਿਆ ਜਿਸਨੂੰ ਨਜਦੀਕੀ ਸਿਹਤ ਕੇਂਦਰ ਸਰਹਾਲੀ ਕਲਾਂ ਵਿਖੇ ਇਲਾਜ ਲਈ ਲਿਆਂਦਾ ਜਿਸਨੂੰ ਮ੍ਰਿਤਕ ਕਰਾਰ ਦਿੱਤਾ ਗਿਆ ਅਤੇ ਉਸਦੀ ਪਤਨੀ ਰਣਜੀਤ ਕੌਰ ਜ਼ੋ ਗੰਭੀਰ ਜਖਮੀ ਸੀ ਨੂੰ ਤਰਨ ਤਾਰਨ ਵਿਖੇ ਰੈਫਰ ਕਰ ਦਿੱਤਾ ਗਿਆ ਹੈ।ਖਬਰ ਲਿਖੇ ਜਾਣ ਤੱਕ ਪੁਲਿਸ ਮੁਲਾਜਮਾਂ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਸੀ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਤਰਨ ਤਾਰਨ ਤੋਂ ਪਹਿਲੀ ਬੱਸ ਰਵਾਨਾ



ਪੰਜਾਬ ਸਰਕਾਰ ਦੀ ਧਾਰਮਿਕ ਭਾਵਨਾਵਾਂ ਨਾਲ ਜੁੜੀ ਮਹੱਤਵਪੂਰਨ ਯੋਜਨਾ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਹਲਕਾ ਤਰਨ ਤਾਰਨ ਤੋਂ 40 ਸ਼ਰਧਾਲੂਆਂ ਦਾ ਜਥਾ ਰਵਾਨਾ ਹੋਇਆ। ਤਰਨ ਤਾਰਨ ਤੋਂ ਸ਼ਰਧਾਲੂਆਂ ਦੀ ਇਸ ਪਹਿਲੀ ਬੱਸ ਨੂੰ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਭਰਾਤਾ ਰਾਜਬੀਰ ਸਿੰਘ ਸੰਧੂ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ ਅਤੇ 'ਆਪ' ਦੇ ਜ਼ਿਲ੍ਹਾ ਜਰਨਲ ਸਕੱਤਰ ਅੰਜੂ ਵਰਮਾ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਤਿੰਨ ਰੋਜ਼ਾ ਯਾਤਰਾ ਦੌਰਾਨ ਸ਼ਰਧਾਲੂ, ਸ੍ਰੀ ਅਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਦੇ ਦਰਸ਼ਨ ਕਰਨਗੇ। ਉਨ੍ਹਾਂ ਨੇ ਤੀਰਥ ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰ ਵਰਗ ਦੇ ਲੋਕਾਂ ਨੂੰ ਆਪਣੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ, ਖਾਸ ਕਰਕੇ ਉਹ ਲੋਕ ਜੋ ਆਰਥਿਕ ਕਾਰਨਾਂ ਜਾਂ ਵਢੇਰੀ ਉਮਰ ਕਰਕੇ ਯਾਤਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ ’ਤੇ ਲਾਗੂ ਕਰ ਰਹੀ ਹੈ ਅਤੇ ਤੀਰਥ ਯਾਤਰਾ ਸਕੀਮ ਇਸ ਦੀ ਇਕ ਸ਼ਾਨਦਾਰ ਮਿਸਾਲ ਹੈ। ਇਸ ਯੋਜਨਾ ਤਹਿਤ ਯਾਤਰੀਆਂ ਨੂੰ ਆਉਣ-ਜਾਣ, ਰਹਿਣ ਅਤੇ ਭੋਜਨ ਦੀ ਪੂਰੀ ਸੁਵਿਧਾ ਮੁਫ਼ਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਸਿਰਫ਼ ਧਾਰਮਿਕ ਨਹੀਂ, ਸਗੋਂ ਸਮਾਜਿਕ ਸਾਂਝ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਵੀ ਇਕ ਮਾਧਿਅਮ ਹੈ।

ਇਸ ਮੌਕੇ ਤੀਰਥ ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਹਰਮੀਤ ਸਿੰਘ ਸੰਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਜੀਵਨ ਭਰ ਦੀ ਯਾਦਗਾਰ ਯਾਤਰਾ ਹੋਵੇਗੀ।

ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਬਲਵਿੰਦਰ ਸਿੰਘ ਰੰਧਾਵਾ, ਕੌਂਸਲਰ ਸਰਬਜਿੰਦਰ ਸਿੰਘ ਭਰੋਵਾਲ, ਯਾਦਵਿੰਦਰ ਸਿੰਘ ਯਾਦੂ, ਗੁਰਪ੍ਰੀਤ ਸਿੰਘ ਗੋਲਡੀ, ਜਰਨੈਲ ਸਿੰਘ ਤੇ ਕਰਨੈਲ ਸਿੰਘ, ਕਾਨੂੰਗੋ ਗੁਰਵਿੰਦਰ ਸਿੰਘ ਅਤੇ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

**9463661542, cee7news@gmail.com**

